Q.41 ਇਸ ਪ੍ਰਸ਼ਨ ਵਿੱਚ, ਇੱਕ ਪ੍ਰਸ਼ਨ ਤੋਂ ਬਾਅਦ ਦੋ ਕਥਨ (I) ਅਤੇ (II) ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡਾਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ। ਦੋਵਾਂ ਕਥਨਾਂ ਨੂੰ ਪੜ੍ਹੋ ਅਤੇ ਸਹੀ ਉੱਤਰ ਦਿਓ।

Q. ਪੰਜ ਵਿਅਕਤੀ - M, N, O, P, ਅਤੇ Q - ਇੱਕ ਚੱਕਰਾਕਾਰ ਮੇਜ਼ ਦੇ ਦੁਆਲੇ ਕੇਂਦਰ ਵੱਲ ਮੁਖ ਕਰਕੇ ਬੈਠੇ ਹਨ। M ਅਤੇ Q ਦੇ ਠੀਕ ਵਿਚਕਾਰ ਕੌਣ ਬੈਠਾ ਹੈ?
(I) O, M ਦੇ ਠੀਕ ਸੱਜੇ ਪਾਸੇ ਬੈਠਾ ਹੈ। N, Q ਦੇ ਠੀਕ ਖੱਬੇ ਪਾਸੇ ਬੈਠਾ ਹੈ।
(II) P, O ਦੇ ਠੀਕ ਖੱਬੇ ਪਾਸੇ ਬੈਠਾ ਹੈ। M, Q ਦੇ ਨਾਲ ਨਹੀਂ ਬੈਠਾ ਹੈ।

Ans
✗ A. ਪ੍ਰਸ਼ਨ ਦਾ ਉੱਤਰ ਦੇਣ ਲਈ ਕਥਨ I ਅਤੇ II ਦੋਵੇਂ (ਅਤੇ ਸਿਰਫ ਕਥਨ 1 ਜਾਂ ਸਿਰਫ ਕਥਨ 2 ਇਕੱਲਾ ਨਹੀਂ) ਕਾਫ਼ੀ ਹਨ।
✗ B. ਕਥਨ II ਵਿੱਚਲਾ ਡਾਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਹੈ ਜਦੋਂ ਕਿ ਕਥਨ I ਵਿੱਚਲਾ ਡਾਟਾ ਕਾਫੀ ਨਹੀਂ ਹੈ।
✗ C. ਕਥਨ I ਵਿੱਚਲਾ ਡਾਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਹੈ ਜਦੋਂ ਕਿ ਕਥਨ II ਵਿੱਚਲਾ ਡਾਟਾ ਕਾਫੀ ਨਹੀਂ ਹੈ।
✓ D. ਪ੍ਰਸ਼ਨ ਦਾ ਉੱਤਰ ਦੇਣ ਲਈ ਕਥਨ I ਅਤੇ II ਦੋਵੇਂ ਇਕੱਠੇ ਕਾਫ਼ੀ ਨਹੀਂ ਹੈ।

Q.42 ਹੇਠਾਂ ਦਿੱਤੀ ਅੱਖਰ ਲੜੀ ਦੇ ਹਵਾਲੇ ਨਾਲ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। ਗਣਨਾਵਾਂ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਹੀ ਕਰਨੀਆਂ ਹਨ।
(ਖੱਬਾ) S Q B T V J Y H G T E X A J T E H Y B V F T E B M (ਸੱਜਾ)
ਅਜਿਹੇ ਕਿੰਨੇ ਵਿਅੰਜਨ ਹਨ ਜਿਹਨਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਸਵਰ ਹੈ ਅਤੇ ਠੀਕ ਬਾਅਦ ਵੀ ਇੱਕ ਸਵਰ ਹੈ?

Ans
✓ A. ਇੱਕ
✗ B. ਦੋ
✗ C. ਕੋਈ ਨਹੀਂ
✗ D. ਤਿੰਨ

Q.43 ਦਿੱਤੀ ਗਈ ਲੜੀ ਵਿੱਚ '?' ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

18 21 25 30 36 ?

Ans
✗ A. 65
✗ B. 51
✗ C. 41
✓ D. 43

Q.44 ਜੇਕਰ ਸੰਖਿਆ 5482136 ਦੇ ਹਰੇਕ ਟਾਂਕ ਅੰਕ ਵਿੱਚ 1 ਜੋੜਿਆ ਜਾਵੇ ਅਤੇ ਹਰੇਕ ਜਿਸਤ ਅੰਕ ਵਿੱਚੋਂ 2 ਘਟਾਇਆ ਜਾਵੇ, ਤਾਂ ਇਸ ਤਰ੍ਹਾਂ ਬਣੀ ਨਵੀਂ ਸੰਖਿਆ ਵਿੱਚ ਕਿੰਨੇ ਅੰਕ ਇੱਕ ਤੋਂ ਵੱਧ ਵਾਰ ਦਿਖਾਈ ਦੇਣਗੇ?

Ans
✗ A. ਦੋ
✗ B. ਕੋਈ ਨਹੀਂ
✗ C. ਇੱਕ
✓ D. ਤਿੰਨ

Q.45 ਅਮਿਤ ਬਿੰਦੂ A ਤੋਂ ਸ਼ੁਰੂ ਕਰਦਾ ਹੈ ਅਤੇ ਦੱਖਣ ਵੱਲ 9 km ਗੱਡੀ ਚਲਾਉਂਦਾ ਹੈ। ਫਿਰ ਉਹ ਸੱਜੇ ਮੁੜਦਾ ਹੈ ਅਤੇ 14 km ਗੱਡੀ ਚਲਾਉਂਦਾ ਹੈ, ਫਿਰ ਸੱਜੇ ਮੁੜਦਾ ਹੈ ਅਤੇ 12 km ਗੱਡੀ ਚਲਾਉਂਦਾ ਹੈ। ਇਸ ਤੋਂ ਬਾਅਦ ਉਹ ਫਿਰ ਸੱਜੇ ਮੁੜਦਾ ਹੈ ਅਤੇ 18 km ਗੱਡੀ ਚਲਾਉਂਦਾ ਹੈ। ਉਹ ਆਖਰੀ ਵਾਰ ਸੱਜੇ ਮੁੜਦਾ ਹੈ, 3 km ਗੱਡੀ ਚਲਾਉਂਦਾ ਹੈ ਅਤੇ ਬਿੰਦੂ P 'ਤੇ ਰੁਕ ਜਾਂਦਾ ਹੈ। ਬਿੰਦੂ A 'ਤੇ ਦੁਬਾਰਾ ਪਹੁੰਚਣ ਲਈ ਉਸਨੂੰ ਕਿੰਨੀ ਦੂਰੀ (ਘੱਟੋ-ਘੱਟ ਦੂਰੀ) ਅਤੇ ਕਿਸ ਦਿਸ਼ਾ ਵਿੱਚ ਗੱਡੀ ਚਲਾਉਣੀ ਚਾਹੀਦੀ ਹੈ? (ਜਦੋਂ ਤੱਕ ਨਿਰਧਾਰਤ ਨਾ ਕੀਤਾ ਜਾਵੇ, ਸਾਰੇ ਮੋੜ ਸਿਰਫ਼ 90-ਡਿਗਰੀ ਦੇ ਹਨ।)

Ans
✗ A. 5 km ਪੱਛਮ ਵੱਲ
✓ B. 4 km ਪੱਛਮ ਵੱਲ
✗ C. 4 km ਪੂਰਬ ਵੱਲ
✗ D. 5 km ਪੂਰਬ ਵੱਲ

Blackbook

Get India's No 1 Vocab Preparation App for FREE : **Blackbook : English Vocabulary** GET IT ON Google Play

Q.46 ਇਸ ਪ੍ਰਸ਼ਨ ਵਿੱਚ, ਸੰਖਿਆਵਾਂ/ਚਿੰਨ੍ਹਾਂ ਦੇ ਇੱਕ ਸਮੂਹ ਨੂੰ ਹੇਠਾਂ ਦਿੱਤੇ ਗਏ ਕੋਡ ਅਤੇ ਇਸ ਤੋਂ ਬਾਅਦ ਦੀਆਂ ਸ਼ਰਤਾਂ ਅਨੁਸਾਰ ਅੱਖਰ ਕੋਡਾਂ ਦੀ ਵਰਤੋਂ ਕਰਕੇ ਕੋਡਬੱਧ ਕੀਤਾ ਗਿਆ ਹੈ। ਸ਼ਰਤਾਂ ਦੇ ਅਨੁਸਾਰ ਕੋਡਾਂ ਦਾ ਸਹੀ ਸੁਮੇਲ ਹੀ ਤੁਹਾਡਾ ਉੱਤਰ ਹੈ। ਜੇਕਰ ਕੋਈ ਵੀ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਸੰਬੰਧਿਤ ਸੰਖਿਆ/ਚਿੰਨ੍ਹ ਲਈ ਕੋਡਾਂ ਦੀ ਪਾਲਣਾ ਸਾਰਣੀ ਵਿੱਚ ਦਿੱਤੇ ਅਨੁਸਾਰ ਸਿੱਧੇ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ।

ਸੰਖਿਆ/ਚਿੰਨ੍ਹ @ 9 # 5 ? 2 ! 0 & 4

ਕੋਡ V Y A D F I L O R U

ਸ਼ਰਤਾਂ –
(i) ਜੇਕਰ ਪਹਿਲਾ ਤੱਤ ਇੱਕ ਚਿਨ੍ਹ ਹੈ ਅਤੇ ਆਖਰੀ ਤੱਤ ਇੱਕ ਸੰਖਿਆ ਹੈ, ਤਾਂ ਇਹਨਾਂ ਦੋਵਾਂ (ਪਹਿਲੇ ਅਤੇ ਆਖਰੀ ਤੱਤਾਂ) ਦੇ ਕੋਡ ਆਪਸ ਵਿੱਚ ਤਬਦੀਲ ਕਰ ਦਿੱਤੇ ਜਾਣਗੇ।
(ii) ਜੇਕਰ ਪਹਿਲਾ ਤੱਤ ਇੱਕ ਟਾਂਕ ਸੰਖਿਆ ਹੈ ਅਤੇ ਆਖਰੀ ਇੱਕ ਜਿਸਤ ਸੰਖਿਆ ਹੈ, ਤਾਂ ਪਹਿਲੇ ਅਤੇ ਆਖਰੀ ਤੱਤਾਂ ਨੂੰ © ਵਜੋਂ ਕੋਡਬੱਧ ਕੀਤਾ ਜਾਣਾ ਚਾਹੀਦਾ ਹੈ।
(iii) ਜੇਕਰ ਦੂਜਾ ਅਤੇ ਤੀਜਾ ਤੱਤ ਦੋਵੇਂ ਪੂਰਨ ਵਰਗ ਹਨ, ਤਾਂ ਤੀਜੇ ਤੱਤ ਨੂੰ ਤੀਜੇ ਤੱਤ ਦੇ ਕੋਡ ਵਜੋਂ ਕੋਡਿਤ ਕੀਤਾ ਜਾਣਾ ਚਾਹੀਦਾ ਹੈ।

ਸੰਖਿਆ-ਚਿੰਨ੍ਹਾਂ ਦੇ ਹੇਠ ਲਿਖੇ ਸਮੂਹ ਲਈ ਕੀ ਕੋਡ ਹੈ?
5 ? & 0 2

Ans
✔ A. © F R O ©
✘ B. D F R O ©
✘ C. © F O R I
✘ D. D F R O I

Q.47 ਇੱਕ ਖ਼ਾਸ ਕੋਡ ਭਾਸ਼ਾ ਵਿੱਚ, 'youth bean phone' ਨੂੰ 'jp wr sd' ਵਜੋਂ ਕੋਡਬੱਧ ਕੀਤਾ ਜਾਂਦਾ ਹੈ ਅਤੇ 'lady phone song' ਨੂੰ 'wd lz wr' ਵਜੋਂ ਕੋਡਬੱਧ ਕੀਤਾ ਜਾਂਦਾ ਹੈ। ਦਿੱਤੀ ਗਈ ਭਾਸ਼ਾ ਵਿੱਚ 'phone' ਨੂੰ ਕਿਸ ਤਰ੍ਹਾਂ ਕੋਡਬੱਧ ਕੀਤਾ ਜਾਵੇਗਾ?

Ans
✘ A. sd
✘ B. wd
✘ C. jp
✔ D. wr

Q.48 ਕਿਸੇ ਖਾਸ ਕੋਡ ਭਾਸ਼ਾ ਵਿੱਚ, 'GOAT' ਨੂੰ '7269' ਅਤੇ 'TEAO' ਨੂੰ '4679' ਵਜੋਂ ਕੋਡਬੱਧ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'E' ਲਈ ਕੋਡ ਕੀ ਹੋਵੇਗਾ?

Ans
✘ A. 7
✘ B. 9
✔ C. 4
✘ D. 6

Q.49 A, B, C, D, E ਅਤੇ F ਇੱਕੋ ਇਮਾਰਤ ਦੀਆਂ ਛੇ ਵੱਖ-ਵੱਖ ਮੰਜ਼ਿਲਾਂ 'ਤੇ ਰਹਿੰਦੇ ਹਨ। ਇਮਾਰਤ ਵਿੱਚ ਸਭ ਤੋਂ ਹੇਠਲੀ ਮੰਜ਼ਿਲ ਦਾ ਨੰਬਰ 1 ਹੈ, ਉਸ ਤੋਂ ਉੱਪਰ ਵਾਲੀ ਮੰਜ਼ਿਲ ਦਾ ਨੰਬਰ 2 ਹੈ ਅਤੇ ਇਸੇ ਕ੍ਰਮ ਵਿੱਚ ਚਲਦੇ ਹੋਏ ਅਗਲੀਆਂ ਮੰਜ਼ਿਲਾਂ ਸਮੇਤ ਸਭ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 6 ਹੈ।
A ਅਤੇ B ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਗੁਣਨਫਲ 10 ਹੈ। E, C ਦੇ ਠੀਕ ਉੱਪਰ ਰਹਿੰਦਾ ਹੈ। D ਅਤੇ A ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਜੋੜ 11 ਹੈ।
B ਅਤੇ E ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਜੋੜ ਕਿੰਨਾ ਹੈ?

Ans
✘ A. 7
✔ B. 6
✘ C. 8
✘ D. 5

Q.50 ਸ਼ਬਦ PRIVATE ਵਿੱਚ, ਜਦੋਂ ਸਾਰੇ ਅੱਖਰਾਂ ਨੂੰ ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਅਨੁਸਾਰ (ਖੱਬੇ ਤੋਂ ਸੱਜੇ) ਵਿਵਸਥਿਤ ਕੀਤਾ ਜਾਂਦਾ ਹੈ, ਤਾਂ ਨਵੀਂ ਵਿਵਸਥਾ ਵਿੱਚ ਖੱਬੇ ਤੋਂ ਤੀਜੇ ਅਤੇ ਚੌਥੇ (ਖੱਬੇ ਤੋਂ ਸੱਜੇ) ਸਥਾਨ 'ਤੇ ਕਿਹੜੇ ਅੱਖਰ ਹੋਣਗੇ?

Ans
✘ A. P R
✘ B. R T
✔ C. I P
✘ D. E I

Section : **General Science**

Blackbook

Get India's No 1 Vocab Preparation App for FREE : Blackbook : English Vocabulary
GET IT ON Google Play

**Q.51** ਜੇਕਰ ਕੋਈ ਵਿਅਕਤੀ ਕੰਧ ਦੇ ਨੇੜੇ ਖੜ੍ਹਾ ਹੋ ਕੇ ਆਪਣੇ ਹੱਥਾਂ ਨਾਲ ਕੰਧ ਨੂੰ ਧੱਕਦਾ ਹੈ, ਤਾਂ ਕੰਧ ਦੁਆਰਾ ਉਸ ਵਿਅਕਤੀ 'ਤੇ ਲਗਾਏ ਗਏ ਬਲ ਸੰਬੰਧੀ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

**Ans**

✗ A. ਕੰਧ ਵਿਅਕਤੀ ਨੂੰ ਆਪਣੇ ਵੱਲ ਖਿੱਚਦੀ ਹੈ।

✓ B. ਕੰਧ ਵਿਅਕਤੀ ਉੱਤੇ ਬਰਾਬਰ ਅਤੇ ਉਲਟ ਦਿਸ਼ਾ ਵਿੱਚ ਬਲ ਲਗਾਉਂਦੀ ਹੈ।

✗ C. ਕੰਧ ਧੱਕਾ ਦੇਣ ਦੀ ਦਿਸ਼ਾ ਵਿੱਚ ਹੀ ਜ਼ਿਆਦਾ ਬਲ ਲਗਾਉਂਦੀ ਹੈ।

✗ D. ਕੰਧ ਉਸ ਵਿਅਕਤੀ 'ਤੇ ਕੋਈ ਬਲ ਨਹੀਂ ਪਾਉਂਦੀ ਹੈ।

**Q.52** ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਵਰਣਨ ਕਰਦਾ ਹੈ ਕਿ ਪੌਦੇ ਵਿਕਾਸ ਦੇ ਕਾਰਨ ਹਲਚਲ ਕਿਵੇਂ ਪ੍ਰਦਰਸ਼ਿਤ ਕਰਦੇ ਹਨ?

**Ans**

✗ A. ਜੜ੍ਹਾਂ ਦੁਆਰਾ ਮਿੱਟੀ ਵਿੱਚੋਂ ਪਾਣੀ ਨੂੰ ਸੋਖਣਾ

✗ B. ਛੂਹਣ 'ਤੇ ਛੂਈ-ਮੁਈ ਦੇ ਪੱਤੇ ਦਾ ਬੰਦ ਹੋਣਾ

✗ C. ਵੀਨਸ ਫਲਾਈਟ੍ਰੈਪ ਦੇ ਪੱਤੇ ਦਾ ਤੇਜ਼ੀ ਨਾਲ ਬੰਦ ਹੋਣਾ

✓ D. ਇੱਕ ਤਣੇ ਦਾ ਪ੍ਰਕਾਸ਼ ਦੇ ਸਰੋਤ ਵੱਲ ਝੁਕਣਾ

**Q.53** ਸਾਬਣ ਚਿਕਨਾਈ ਵਾਲੇ ਕੱਪੜਿਆਂ ਨੂੰ ਸਾਫ਼ ਕਰਨ ਵਿੱਚ ਕਿਵੇਂ ਮਦਦ ਕਰਦਾ ਹੈ?

**Ans**

✗ A. ਇਹ ਚਿਕਨਾਈ ਦਾ ਰੰਗ ਬਦਲ ਕੇ ਇਸ ਨੂੰ ਅਦਿੱਖ ਬਣਾ ਦਿੰਦਾ ਹੈ।

✗ B. ਇਹ ਪਾਣੀ ਨਾਲ ਪ੍ਰਤੀਕਿਰਿਆ ਕਰਕੇ ਤੇਜ਼ਾਬ ਬਣਾਉਂਦਾ ਹੈ।

✗ C. ਇਹ ਚਿਕਨਾਈ ਨੂੰ ਸਿੱਧੇ ਪਾਣੀ ਵਿੱਚ ਘੋਲ ਦਿੰਦਾ ਹੈ।

✓ D. ਇਹ ਮਿਸਸੈੱਲ ਬਣਾਉਂਦਾ ਹੈ ਜੋ ਚਿਕਨਾਈ ਨੂੰ ਟ੍ਰੈਪ ਕਰਕੇ ਇਸਨੂੰ ਧੋ ਦਿੰਦੇ ਹੈ।

**Q.54** ਇੱਕ ਵਸਤੂ ਨੂੰ ਇੱਕ ਉੱਤਲ ਲੈਂਜ਼ ਦੇ ਮੁੱਖ ਧੁਰੇ ਦੇ ਨਾਲ ਉਸਦੀ ਫੋਕਸ ਦੂਰੀ ਦੇ ਦੁੱਗਣੇ (2F) 'ਤੇ ਰੱਖਿਆ ਗਿਆ ਹੈ। ਬਣਨ ਵਾਲੇ ਪ੍ਰਤੀਬਿੰਬ ਦੀ ਪ੍ਰਕਿਰਤੀ ਅਤੇ ਸਥਿਤੀ ਕੀ ਹੋਵੇਗੀ?

**Ans**

✗ A. ਪ੍ਰਤੀਬਿੰਬ ਫੋਕਸ 'ਤੇ ਹੈ; ਵਾਸਤਵਿਕ, ਉਲਟਾ ਅਤੇ ਬਹੁਤ ਛੋਟਾ

✓ B. ਪ੍ਰਤੀਬਿੰਬ ਦੂਜੇ ਪਾਸੇ 2F 'ਤੇ ਹੈ; ਵਾਸਤਵਿਕ, ਉਲਟਾ ਅਤੇ ਬਰਾਬਰ ਅਕਾਰ ਦਾ

✗ C. ਪ੍ਰਤੀਬਿੰਬ F ਅਤੇ 2F ਦੇ ਵਿਚਕਾਰ ਹੈ; ਵਾਸਤਵਿਕ, ਉਲਟਾ ਅਤੇ ਛੋਟਾ

✗ D. ਪ੍ਰਤੀਬਿੰਬ ਅਨੰਤ 'ਤੇ ਹੈ; ਵਾਸਤਵਿਕ ਅਤੇ ਉਲਟਾ

**Q.55** ਹੇਠ ਲਿਖਿਆਂ ਵਿੱਚੋਂ ਕਿਹੜਾ ਜੰਤੂਆਂ ਵਿੱਚ ਇੱਕ ਜੋੜਕ ਟਿਸ਼ੂ ਨਹੀਂ ਹੈ?

**Ans**

✗ A. ਟੈਂਡਨ (Tendon)

✗ B. ਲਿਗਾਮੈਂਟ (Ligament)

✓ C. ਨਿਊਰੋਨ (Neuron)

✗ D. ਕਾਰਟੀਲੇਜ (Cartilage)

**Q.56** ਕਿਹੜਾ ਚਿੰਨ੍ਹ ਆਕਸੀਜਨ ਤੱਤ ਨੂੰ ਦਰਸਾਉਂਦਾ ਹੈ?

**Ans**

✗ A. N

✗ B. S

✗ C. C

✓ D. O

**Q.57** ਟੈਰੀਡੋਫਾਇਟਸ ਦੀ ਤੁਲਨਾ ਵਿੱਚ ਬ੍ਰਾਇਓਫਾਇਟਸ ਖੁਸ਼ਕ ਥਲੀ ਵਾਤਾਵਰਣ ਵਿੱਚ ਬਸਤੀ ਬਣਾਉਣ ਦੀ ਸੀਮਤ ਸਮਰੱਥਾ ਕਿਉਂ ਪ੍ਰਦਰਸ਼ਿਤ ਕਰਦੇ ਹਨ?

**Ans**

✗ A. ਇਹ ਫੁੱਲਾਂ ਰਾਹੀਂ ਪ੍ਰਜਨਣ ਕਰਦੇ ਹਨ ਜਿਨ੍ਹਾਂ ਨੂੰ ਕੀਟ ਪਰਾਗਣ ਦੀ ਲੋੜ ਹੁੰਦੀ ਹੈ।

✗ B. ਇਹ ਅਜਿਹੇ ਬੀਜ ਪੈਦਾ ਕਰਦੇ ਹਨ ਜੋ ਖੁਸ਼ਕ ਸਥਿਤੀਆਂ ਵਿੱਚ ਨਹੀਂ ਬਚ ਸਕਦੇ।

✗ C. ਇਹਨਾਂ ਦੇ ਪੱਤੇ ਸੂਈਆਂ ਹੁੰਦੇ ਹਨ ਜੋ ਪਾਣੀ ਦੇ ਨੁਕਸਾਨ ਨੂੰ ਘੱਟ ਕਰਦੇ ਹਨ।

✓ D. ਇਹਨਾਂ ਵਿੱਚ ਵਹਿਣੀ ਟਿਸ਼ੂ ਨਹੀਂ ਹੁੰਦੇ ਅਤੇ ਇਹਨਾਂ ਨੂੰ ਨਮੀ ਦੀ ਲੋੜ ਹੁੰਦੀ ਹੈ।

**Q.58** ਨਾਈਟ੍ਰੋਜਨ ਚੱਕਰ ਦੇ ਹਿੱਸੇ ਵਜੋਂ ਮਿੱਟੀ ਵਿੱਚ ਐਜ਼ੋਟੋਬੈਕਟਰ ਬੈਕਟੀਰੀਆ (Azotobacter bacteria) ਦੁਆਰਾ ਕਿਹੜੀ ਪ੍ਰਕਿਰਿਆ ਕੀਤੀ ਜਾਂਦੀ ਹੈ?

**Ans**

✗ A. ਨਾਈਟ੍ਰੇਟ ਦਾ ਨਾਈਟ੍ਰੋਜਨ ਗੈਸ ਵਿੱਚ ਬਦਲਣਾ

✗ B. ਅਮੋਨੀਆ ਦਾ ਨਾਈਟ੍ਰਾਈਟ ਵਿੱਚ ਬਦਲਣਾ

✓ C. ਨਾਈਟ੍ਰੋਜਨ ਗੈਸ ਦਾ ਅਮੋਨੀਆ ਵਿੱਚ ਬਦਲਣਾ

✗ D. ਅਮੋਨੀਆ ਦਾ ਪ੍ਰੋਟੀਨ ਵਿੱਚ ਬਦਲਣਾ

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.59** ਹੇਠ ਲਿਖਿਆਂ ਵਿੱਚੋਂ ਕਿਹੜੀ ਘਟਨਾ ਔਰਤਾਂ ਵਿੱਚ ਮਾਹਵਾਰੀ ਚੱਕਰ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ?

**Ans**
- ✗ A. ਪਰਿਪੱਕ ਅੰਡੇ ਦਾ ਅੰਡਉਤਸਰਜਨ
- ✗ B. ਸ਼ੁਕਰਾਣੂ ਸੈੱਲ ਦੁਆਰਾ ਅੰਡਾਣੂ ਦਾ ਨਿਸ਼ੇਚਨ
- ✓ C. ਬੱਚੇਦਾਨੀ ਦੇ ਅੰਦਰਲੀ ਪਰਤ ਦਾ ਬਾਹਰ ਨਿਕਲਣਾ
- ✗ D. ਨਿਸ਼ੇਚਤ ਅੰਡੇ ਦਾ ਅੰਤਰ ਰੋਪਣ

**Q.60** ਜਦੋਂ ਕੋਈ ਵਸਤੂ ਇੱਕ ਸਿੱਧੀ ਰੇਖਾ ਦੇ ਨਾਲ ਪਰਿਵਰਤਨਸ਼ੀਲ ਚਾਲ ਨਾਲ ਗਤੀ ਕਰ ਰਹੀ ਹੋਵੇ, ਤਾਂ ਅਸੀਂ ਇਸਦੀ ਗਤੀ ਦੀ ਦਰ ਦੇ ਪਰਿਮਾਣ ਨੂੰ ਕਿਵੇਂ ਦਰਸਾ ਸਕਦੇ ਹਾਂ?

**Ans**
- ✗ A. ਕੁੱਲ ਪ੍ਰਵੇਗ
- ✗ B. ਸਥਿਰ ਚਾਲ
- ✓ C. ਔਸਤ ਵੇਗ
- ✗ D. ਵਿਸਥਾਪਨ

**Q.61** ਜੇਕਰ ਕਿਸੇ ਪਰਮਾਣੂ ਦੇ ਕੇਂਦਰਕ ਵਿੱਚ ਪ੍ਰੋਟੋਨ ਜਾਂ ਇਲੈਕਟ੍ਰੌਨ ਦੀ ਬਜਾਏ ਨਿਊਟ੍ਰੋਨ ਜੋੜਿਆ ਜਾਂਦਾ ਹੈ, ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਬਦਲ ਜਾਵੇਗਾ?

**Ans**
- ✗ A. ਕੇਂਦਰਕ 'ਤੇ ਚਾਰਜ ਰਿਣਾਤਮਕ ਹੋ ਜਾਵੇਗਾ।
- ✗ B. ਤੱਤ ਨੂੰ ਬਦਲਦੇ ਹੋਏ ਪਰਮਾਣੂ ਸੰਖਿਆ ਵਧ ਜਾਵੇਗੀ।
- ✗ C. ਪ੍ਰਤਿਕਿਰਿਆਸ਼ੀਲਤਾ ਨੂੰ ਬਦਲਦੇ ਹੋਏ ਇਲੈਕਟ੍ਰੌਨਾਂ ਦੀ ਸੰਖਿਆ ਬਦਲ ਜਾਵੇਗੀ।
- ✓ D. ਪੁੰਜ ਸੰਖਿਆ ਵਧੇਗੀ, ਪਰ ਤੱਤ ਦਾ ਚਾਰਜ ਨਹੀਂ ਬਦਲੇਗਾ।

**Q.62** ਕਿਹੜੀ ਸਥਿਤੀ ਕਿਸੇ ਵਿਅਕਤੀ ਦੁਆਰਾ ਸੂਟਕੇਸ 'ਤੇ ਕੀਤੇ ਜਾ ਰਹੇ ਰਿਣਾਤਮਕ ਕਾਰਜ ਨੂੰ ਦਰਸਾਉਂਦੀ ਹੈ?

**Ans**
- ✗ A. ਇੱਕ ਵਿਅਕਤੀ ਸੂਟਕੇਸ ਨੂੰ ਇਸ ਤਰ੍ਹਾਂ ਛੱਡਦਾ ਹੈ ਕਿ ਇਹ ਗੁਰੂਤਾਆਕਰਸ਼ਣ ਕਾਰਨ ਮੁਕਤ ਰੂਪ ਵਿੱਚ ਹੇਠਾਂ ਡਿੱਗਦਾ ਹੈ
- ✗ B. ਵਿਅਕਤੀ, ਸੂਟਕੇਸ ਨੂੰ ਲੰਬਵਤ ਤੌਰ 'ਤੇ ਉੱਪਰ ਵੱਲ ਚੁੱਕ ਰਿਹਾ ਹੈ
- ✓ C. ਵਿਅਕਤੀ, ਸੂਟਕੇਸ ਨੂੰ ਹੌਲੀ-ਹੌਲੀ ਜ਼ਮੀਨ 'ਤੇ ਹੇਠਾਂ ਲਿਆ ਰਿਹਾ ਹੈ
- ✗ D. ਇੱਕ ਵਿਅਕਤੀ ਨੇ ਆਪਣੇ ਸਿਰ 'ਤੇ ਸਥਿਰ ਢੰਗ ਨਾਲ ਸੂਟਕੇਸ ਫੜ੍ਹਿਆ ਹੋਇਆ ਹੈ

**Q.63** ਕਿਸ ਕਿਸਮ ਦਾ ਟਿਸ਼ੂ, ਮਸਕਿਉਲੋਸਕੇਲੇਟਲ ਪ੍ਰਣਾਲੀ (musculoskeletal system) ਵਿੱਚ ਚਾਲਨ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ?

**Ans**
- ✗ A. ਨਾੜੀ ਟਿਸ਼ੂ (Nervous tissue)
- ✓ B. ਪੇਸ਼ੀ ਟਿਸ਼ੂ (Muscle tissue)
- ✗ C. ਜੋੜਕ ਟਿਸ਼ੂ (Connective tissue)
- ✗ D. ਅਧਿਛੱਦ ਟਿਸ਼ੂ (Epithelial tissue)

**Q.64** ਵੱਖ-ਵੱਖ ਸਰੋਤਾਂ ਤੋਂ ਪਾਣੀ ਦੀ ਸੰਰਚਨਾ 'ਤੇ ਵਿਚਾਰ ਕਰਦੇ ਸਮੇਂ ਕਿਹੜਾ ਕਥਨ ਸਥਿਰ ਅਨੁਪਾਤ ਦੇ ਨਿਯਮ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦਾ ਹੈ?

**Ans**
- ✗ A. ਹਾਈਡ੍ਰੋਜਨ ਅਤੇ ਆਕਸੀਜਨ ਕਿਸੇ ਵੀ ਅਨੁਪਾਤ ਵਿੱਚ ਮਿਲ ਕੇ ਪਾਣੀ ਬਣਾਉਂਦੇ ਹਨ।
- ✗ B. ਪਾਣੀ ਵਿੱਚ ਇਸਦੇ ਸਰੋਤ ਦੇ ਆਧਾਰ 'ਤੇ ਵੱਖ-ਵੱਖ ਅਨੁਪਾਤ ਵਿੱਚ ਹਾਈਡ੍ਰੋਜਨ ਅਤੇ ਆਕਸੀਜਨ ਹੁੰਦੇ ਹਨ।
- ✓ C. ਕਿਸੇ ਵੀ ਸਰੋਤ ਤੋਂ ਪ੍ਰਾਪਤ ਪਾਣੀ ਵਿੱਚ ਹਾਈਡ੍ਰੋਜਨ ਅਤੇ ਆਕਸੀਜਨ ਦਾ ਪੁੰਜ ਅਨੁਪਾਤ ਸਮਾਨ ਹੁੰਦਾ ਹੈ।
- ✗ D. ਹਾਈਡ੍ਰੋਜਨ ਅਤੇ ਆਕਸੀਜਨ ਸਿਰਫ਼ ਨਿਸ਼ਚਿਤ ਤਾਪਮਾਨ ਅਤੇ ਦਬਾਅ ਹੇਠ ਹੀ ਪਾਣੀ ਬਣਾਉਂਦੇ ਹਨ।

**Q.65** ਰੀੜ੍ਹ ਦੀ ਹੱਡੀ ਵਾਲੇ ਜਾਨਵਰਾਂ ਨੂੰ ਸਬਫਾਈਲਮ (subphylum) ________ ਅਧੀਨ ਸ਼੍ਰੇਣੀਬੱਧ ਕੀਤਾ ਜਾਂਦਾ ਹੈ।

**Ans**
- ✗ A. ਆਰਥ੍ਰੋਪੋਡਾ (Arthropoda)
- ✗ B. ਮੋਲਸਕਾ (Mollusca)
- ✓ C. ਵਰਟੀਬ੍ਰੈਟਾ (Vertebrata)
- ✗ D. ਐਨੇਲੀਡਾ (Annelida)

**Q.66** ਗ੍ਰੈਫਾਈਟ ਦੀ ਤੁਲਨਾ ਵਿੱਚ ਹੀਰੇ ਵਿੱਚ ਬਹੁਤ ਜ਼ਿਆਦਾ ਕਠੋਰਤਾ ਕਿਉਂ ਹੁੰਦੀ ਹੈ?

**Ans**
- ✓ A. ਹੀਰੇ ਵਿੱਚ ਮਜ਼ਬੂਤ ਬੰਧਨਾਂ ਵਾਲਾ ਇੱਕ ਤਿੰਨ-ਅਯਾਮੀ ਨੈੱਟਵਰਕ ਹੁੰਦਾ ਹੈ
- ✗ B. ਗ੍ਰੈਫਾਈਟ ਪਰਮਾਣੂਆਂ ਦੀਆਂ ਲਚਕਦਾਰ ਚੇਨਾਂ ਦਾ ਬਣਿਆ ਹੁੰਦਾ ਹੈ
- ✗ C. ਗ੍ਰੈਫਾਈਟ ਵਿੱਚ ਪਰਮਾਣੂਆਂ ਵਿਚਕਾਰ ਧਾਤੂ ਬੰਧਨ ਹੁੰਦਾ ਹੈ
- ✗ D. ਹੀਰੇ ਵਿੱਚ ਪਰਤਾਂ ਦੇ ਰੂਪ ਵਿੱਚ ਢਿੱਲੇ ਪੈਕ ਕੀਤੇ ਪਰਮਾਣੂ ਹੁੰਦੇ ਹਨ

Blackbook

Q.67 ਬਲੀਚਿੰਗ ਪਾਊਡਰ, ਕਲੋਰੀਨ ਗੈਸ 'ਤੇ_____ ਕਿਰਿਆ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ।

Ans
- ✗ A. ਚੂਨਾ ਪਾਣੀ
- ✗ B. ਪਾਣੀ
- ✗ C. ਕਵਿਕਲਾਈਮ
- ✓ D. ਸਲੇਕਡ ਲਾਈਮ

Q.68 ਇੱਕ ਵਿਦਿਆਰਥਣ ਪਾਣੀ ਤੋਂ ਹਵਾ ਵਿੱਚ ਇੱਕ ਲੇਜ਼ਰ ਬੀਮ ਨੂੰ ਲੰਬ ਕੋਣ 'ਤੇ ਚਮਕਾਉਂਦੀ ਹੈ। ਉਹ ਦੇਖਦੀ ਹੈ ਕਿ ਹਵਾ ਵਿੱਚ ਜਾਂਦੇ ਹੀ ਬੀਮ ਲੰਬ ਤੋਂ ਦੂਰ ਮੁੜ ਜਾਂਦੀ ਹੈ। ਇਸ ਨਿਰੀਖਣ ਦੁਆਰਾ ਅਪਵਰਤਨ ਦੇ ਨਿਯਮਾਂ ਦੀ ਕਿਹੜੀ ਧਾਰਨਾ ਸਭ ਤੋਂ ਵਧੀਆ ਢੰਗ ਨਾਲ ਦਿਖਾਈ ਗਈ ਹੈ?

Ans
- ✗ A. ਪਰਾਵਰਤਨ ਦਾ ਨਿਯਮ ਇਹ ਨਿਰਧਾਰਿਤ ਕਰਦਾ ਹੈ ਕਿ ਲੇਜ਼ਰ ਬੀਮ ਲੰਬ ਤੋਂ ਦੂਰ ਮੁੜਦੀ ਹੈ।
- ✗ B. ਪ੍ਰਕਾਸ਼ ਹਮੇਸ਼ਾ ਵੱਖ-ਵੱਖ ਮਾਧਿਅਮਾਂ ਰਾਹੀਂ ਸਿੱਧਾ ਸੰਚਾਰ ਕਰਦਾ ਹੈ, ਜਿਸਨੂੰ ਅਪਵਰਤਨ ਦੇ ਨਿਯਮਾਂ ਦੁਆਰਾ ਸਮਝਾਇਆ ਜਾਂਦਾ ਹੈ।
- ✓ C. ਜਦੋਂ ਪ੍ਰਕਾਸ਼ ਸੰਘਣੇ ਤੋਂ ਵਿਰਲੇ ਮਾਧਿਅਮ ਵੱਲ ਜਾਂਦਾ ਹੈ, ਤਾਂ ਇਹ ਲੰਬ ਤੋਂ ਦੂਰ ਮੁੜ ਜਾਂਦਾ ਹੈ।
- ✗ D. ਪੂਰਨ ਅੰਦਰੂਨੀ ਪਰਾਵਰਤਨ ਉਸ ਵਿਵਹਾਰ ਦੀ ਵਿਆਖਿਆ ਕਰਦਾ ਹੈ ਜਦੋਂ ਲੇਜ਼ਰ ਬੀਮ ਹਵਾ ਵਿੱਚ ਜਾਂਦੀ ਹੈ।

Q.69 0.5 kg ਦੇ ਪੁੰਜ ਵਾਲਾ ਇੱਕ ਹਾਕੀ ਪੱਕ 8 m/s ਦੇ ਸ਼ੁਰੂਆਤੀ ਵੇਗ ਨਾਲ ਬਰਫ਼ ਉੱਤੇ ਫਿਸਲਦਾ ਹੈ। ਜੇਕਰ ਕੋਈ ਖਿਡਾਰੀ 0.5 s ਲਈ ਇੱਕ ਸਥਿਰ ਬਲ ਲਗਾਉਂਦਾ ਹੈ ਅਤੇ ਪੱਕ ਦਾ ਵੇਗ ਵਧ ਕੇ 12 m/s ਹੋ ਜਾਂਦਾ ਹੈ, ਤਾਂ ਲਗਾਏ ਗਏ ਬਲ ਦਾ ਪਰਿਮਾਣ ਕੀ ਹੋਵੇਗਾ?

Ans
- ✓ A. 4 N
- ✗ B. 2 N
- ✗ C. 6 N
- ✗ D. 8 N

Q.70 ਜਦੋਂ ਮੈਗਨੀਸ਼ੀਅਮ ਹਵਾ ਨਾਲ ਪ੍ਰਤਿਕਿਰਿਆ ਕਰਦਾ ਹੈ ਤਾਂ ਇੱਕ ਆਮ ਨਿਰੀਖਣ ਕੀ ਹੁੰਦਾ ਹੈ?

Ans
- ✗ A. ਇਹ ਹਰੇ ਰੰਗ ਦੇ ਕ੍ਰਿਸਟਲ ਬਣਾਉਂਦਾ ਹੈ
- ✓ B. ਇਹ ਸਫੇਦ ਪਾਊਡਰ ਵਾਲੀ ਸੁਆਹ ਬਣਾਉਂਦਾ ਹੈ
- ✗ C. ਇਹ ਲਾਲ ਰੰਗ ਦੀ ਰਹਿੰਦ-ਖੂੰਹਦ ਬਣਾਉਂਦਾ ਹੈ
- ✗ D. ਇਹ ਇੱਕ ਨੀਲਾ ਘੋਲ ਬਣਾਉਂਦਾ ਹੈ

Q.71 ਹੇਠ ਲਿਖਿਆਂ ਵਿੱਚੋਂ ਕਿਹੜੀ ਇੱਕਸਮਾਨ ਚੱਕਰਾਕਾਰ ਗਤੀ ਦੀ ਉਦਾਹਰਣ ਨਹੀਂ ਹੈ?

Ans
- ✗ A. ਧਰਤੀ ਦੁਆਲੇ ਘੁੰਮਦਾ ਚੰਦਰਮਾ
- ✓ B. ਸਿੱਧੀ ਸੜਕ 'ਤੇ ਘੁੰਮਦੀ ਹੋਈ ਇੱਕ ਗੇਂਦ
- ✗ C. ਛੱਤ ਵਾਲੇ ਪੱਖੇ ਦੇ ਬਲੇਡ ਨਿਰੰਤਰ ਗਤੀ ਨਾਲ ਘੁੰਮ ਰਹੇ ਹਨ
- ✗ D. ਧਰਤੀ ਦੁਆਲੇ ਘੁੰਮ ਰਿਹਾ ਇੱਕ ਨਕਲੀ ਉਪਗ੍ਰਹਿ

Q.72 ਜੇਕਰ ਸਾਰੀਆਂ ਸਧਾਰਨ ਮਸ਼ੀਨਾਂ ਆਦਰਸ਼ ਰੂਪ ਵਿੱਚ ਡਿਜ਼ਾਈਨ ਕੀਤੀਆਂ ਗਈਆਂ ਹੋਣ, ਤਾਂ ਇੱਕ ਵੱਡੇ ਪੱਥਰ ਨੂੰ ਸਭ ਤੋਂ ਘੱਟ ਕੋਸ਼ਿਸ਼ ਨਾਲ ਸਿੱਧਾ ਉੱਪਰ ਵੱਲ ਚੁੱਕਣ ਲਈ ਹੇਠ ਲਿਖੀਆਂ ਵਿੱਚੋਂ ਕਿਹੜੀ ਸਧਾਰਨ ਮਸ਼ੀਨ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ?

Ans
- ✗ A. ਬਲ ਦੀ ਦਿਸ਼ਾ ਬਦਲਣ ਲਈ ਇੱਕ ਸਿੰਗਲ ਸਥਿਰ ਪੁਲੀ
- ✗ B. ਇੱਕ ਛੋਟੀ ਕੋਸ਼ਿਸ਼ ਭੁਜਾ ਵਾਲਾ ਲੀਵਰ
- ✓ C. ਕਈ ਸਹਾਇਕ ਰੱਸੀਆਂ ਵਾਲੀ ਇੱਕ ਪੁਲੀ ਪ੍ਰਣਾਲੀ
- ✗ D. ਤਿੱਖੇ ਕੋਣ 'ਤੇ ਝੁਕਿਆ ਹੋਇਆ ਤਲ

Q.73 ਅਮੋਨੀਅਮ ਸਲਫੇਟ ਦੇ ਘੋਲ ਵਿੱਚ ਲਗਭਗ 5 ਦਾ pH ਪਾਇਆ ਜਾਂਦਾ ਹੈ। ਇਸ ਨਿਰੀਖਣ ਦੀ ਵਿਆਖਿਆ ਕਿਹੜਾ ਕਥਨ ਕਰਦਾ ਹੈ?

Ans
- ✗ A. ਲੂਣ ਇੱਕ ਦੁਰਬਲ ਤੇਜ਼ਾਬ ਅਤੇ ਪ੍ਰਬਲ ਖਾਰ ਤੋਂ ਬਣਿਆ ਹੁੰਦਾ ਹੈ, ਜਿਸ ਨਾਲ ਖਾਰਾ ਜਲ-ਅਪਘਟਨ ਹੁੰਦਾ ਹੈ
- ✓ B. ਲੂਣ ਇੱਕ ਦੁਰਬਲ ਖਾਰ ਅਤੇ ਪ੍ਰਬਲ ਤੇਜ਼ਾਬ ਤੋਂ ਬਣਿਆ ਹੁੰਦਾ ਹੈ, ਜਿਸ ਨਾਲ ਤੇਜ਼ਾਬੀ ਜਲ-ਅਪਘਟਨ ਹੁੰਦਾ ਹੈ
- ✗ C. ਲੂਣ ਇੱਕ ਬਫਰ ਵਜੋਂ ਕੰਮ ਕਰਦਾ ਹੈ, ਅਤੇ pH ਵਿੱਚ ਤਬਦੀਲੀ ਦਾ ਵਿਰੋਧ ਕਰਦਾ ਹੈ
- ✗ D. ਲੂਣ ਇੱਕ ਪ੍ਰਬਲ ਖਾਰ ਅਤੇ ਪ੍ਰਬਲ ਤੇਜ਼ਾਬ ਤੋਂ ਬਣਿਆ ਹੁੰਦਾ ਹੈ, ਜੋ ਇਸਨੂੰ ਉਦਾਸੀਨ ਬਣਾਉਂਦਾ ਹੈ

Blackbook

Get India's No 1 Vocab Preparation App for FREE : Blackbook : English Vocabulary
GET IT ON Google Play

**Q.74** ਇਹ ਕਥਨ ਕਿ ਇੱਕ ਧਨ ਚਾਰਜਿਤ ਗੋਲੇ ਵਿੱਚ ਇਲੈਕਟ੍ਰੌਨ ਖੁੱਭੇ ਹੋਏ ਹੁੰਦੇ ਹਨ, ਕਿਸ ਮਾਡਲ ਦੁਆਰਾ ਸਮਝਾਇਆ ਗਿਆ ਹੈ?

**Ans**
- ✗ A. ਹਾਈਜ਼ਨਬਰਗ (Heisenberg)
- ✓ B. ਪਲੱਮ ਪੁਡਿੰਗ ਮਾਡਲ (Plum Pudding model)
- ✗ C. ਬੋਹਰ ਦਾ ਮਾਡਲ (Bohr's model)
- ✗ D. ਰਦਰਫੋਰਡ ਮਾਡਲ (Rutherford model)

**Q.75** ਹੇਠਾਂ ਦਿੱਤੇ ਕਥਨਾਂ ਵਿੱਚੋਂ ਕਿਹੜਾ ਕਥਨ ਸਭ ਤੋਂ ਸਹੀ ਰੂਪ ਵਿੱਚ ਇਹ ਸਪਸ਼ਟ ਕਰਦਾ ਹੈ ਕਿ ਜਦੋਂ ਧੁਨੀ ਹਵਾ ਵਿੱਚੋਂ ਪਾਣੀ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਸਦੀ ਚਾਲ ਵਿੱਚ ਕੀ ਬਦਲਾਅ ਹੁੰਦਾ ਹੈ?

**Ans**
- ✗ A. ਹਵਾ ਤੋਂ ਪਾਣੀ ਵਿੱਚ ਪ੍ਰਵੇਸ਼ ਕਰਨ 'ਤੇ ਧੁਨੀ ਦੀ ਚਾਲ ਘਟ ਜਾਂਦੀ ਹੈ।
- ✗ B. ਪਾਣੀ ਵਿੱਚ ਦਾਖਲ ਹੁੰਦੇ ਹੀ ਧੁਨੀ ਦੀ ਚਾਲ ਇਸਦੇ ਤਿੱਖੇਪਣ ਨੂੰ ਬਦਲ ਦਿੰਦੀ ਹੈ।
- ✓ C. ਹਵਾ ਤੋਂ ਪਾਣੀ ਪ੍ਰਵੇਸ਼ ਕਰਨ 'ਤੇ ਧੁਨੀ ਦੀ ਚਾਲ ਵਧ ਜਾਂਦੀ ਹੈ।
- ✗ D. ਹਵਾ ਅਤੇ ਪਾਣੀ ਵਿੱਚ ਧੁਨੀ ਦੀ ਚਾਲ ਇੱਕ ਸਮਾਨ ਰਹਿੰਦੀ ਹੈ।

**Q.76** ਫਲਿਉਡ ਮੋਜ਼ੇਕ ਮਾਡਲ (fluid mosaic model) ਬਾਰੇ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਗਲਤ ਹੈ?

**Ans**
- ✓ A. ਝਿੱਲੀ ਵਿੱਚ ਚਰਬੀ ਗੇਟਕੀਪਰ ਵਜੋਂ ਕੰਮ ਕਰਦੀ ਹੈ, ਜਿਸ ਨਾਲ ਪਦਾਰਥਾਂ ਨੂੰ ਲੰਘਣ ਵਿੱਚ ਮਦਦ ਮਿਲਦੀ ਹੈ।
- ✗ B. ਸੈੱਲ ਝਿੱਲੀ ਵਿੱਚ ਲਿਪਿਡ ਬਾਇਲੇਅਰ ਹੁੰਦੀ ਹੈ।
- ✗ C. ਝਿੱਲੀ ਦੇ ਅਣੂ ਇੱਕ ਪਾਸੇ ਵੱਲ ਜਾ ਸਕਦੇ ਹਨ, ਪਲਟ ਸਕਦੇ ਹਨ ਅਤੇ ਘੁੰਮ ਸਕਦੇ ਹਨ, ਜਿਸ ਨਾਲ ਤਰਲ ਪ੍ਰਕਿਰਤੀ ਦਾ ਬਣ ਜਾਂਦਾ ਹੈ।
- ✗ D. ਵਿਸ਼ੇਸ਼ ਚਰਬੀ ਵਾਲੇ ਅਣੂਆਂ ਦੀ ਪਰਤ ਜਿਸ ਵਿੱਚ ਪਾਣੀ ਖਿੱਚਣ ਵਾਲੇ ਹੈੱਡ ਬਾਹਰ ਵੱਲ ਅਤੇ ਪਾਣੀ ਨੂੰ ਦੂਰ ਕਰਨ ਵਾਲੀਆਂ ਟੇਲ ਅੰਦਰ ਵੱਲ ਹੁੰਦੀਆਂ ਹਨ।

**Q.77** ਜਦੋਂ ਕਾਰਜ (W) ਅਤੇ ਸਮਾਂ (t) ਦਿੱਤਾ ਗਿਆ ਹੋਵੇ ਤਾਂ ਪਾਵਰ (P) ਦੀ ਗਣਨਾ ਕਰਨ ਲਈ ਕਿਹੜਾ ਸੂਤਰ ਸਹੀ ਹੈ?

**Ans**
- ✗ A. $P = W - t$
- ✗ B. $P = W + t$
- ✓ C. $P = W/t$
- ✗ D. $P = W \times t$

**Q.78** ਹਾਈਕ ਦੇ ਦੌਰਾਨ, ਇੱਕ ਵਿਅਕਤੀ 7 km ਪੂਰਬ ਵੱਲ ਅਤੇ ਫਿਰ 24 km ਉੱਤਰ ਵੱਲ ਤੁਰਦਾ ਹੈ। ਕਿਹੜਾ ਵਰਣਨ ਵਿਅਕਤੀ ਦੇ ਪਰਿਣਾਮੀ ਵਿਸਥਾਪਨ ਵੈਕਟਰ ਨਾਲ ਸਭ ਤੋਂ ਵਧੀਆ ਮੇਲ ਖਾਂਦਾ ਹੈ?

**Ans**
- ✗ A. ਸ਼ੁਰੂਆਤੀ ਬਿੰਦੂ ਤੋਂ ਪੂਰਬ ਵੱਲ ਇਸ਼ਾਰਾ ਕਰਦੇ ਹੋਏ 7 km ਦਾ ਵੈਕਟਰ
- ✓ B. ਸ਼ੁਰੂਆਤੀ ਬਿੰਦੂ ਤੋਂ ਉੱਤਰ-ਪੂਰਬ ਵੱਲ ਇਸ਼ਾਰਾ ਕਰਦੇ ਹੋਏ 25 km ਦਾ ਵੈਕਟਰ
- ✗ C. ਸ਼ੁਰੂਆਤੀ ਬਿੰਦੂ ਤੋਂ ਉੱਤਰ ਵੱਲ ਇਸ਼ਾਰਾ ਕਰਦੇ ਹੋਏ 31 km ਦਾ ਵੈਕਟਰ
- ✗ D. ਸ਼ੁਰੂਆਤੀ ਬਿੰਦੂ ਤੋਂ ਉੱਤਰ ਵੱਲ ਇਸ਼ਾਰਾ ਕਰਦੇ ਹੋਏ 24 km ਦਾ ਵੈਕਟਰ

**Q.79** ਹੇਠ ਲਿਖਿਆਂ ਵਿੱਚੋਂ ਕਿਹੜਾ ਬਿਖਮਅੰਗੀ ਮਿਸ਼ਰਣ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ?

**Ans**
- ✗ A. ਇੱਕ ਅਜਿਹਾ ਮਿਸ਼ਰਣ ਜਿਸ ਵਿੱਚ ਘਟਕ ਪੂਰੀ ਤਰ੍ਹਾਂ ਸਮਾਨ ਰੂਪ ਵਿੱਚ ਮਿਸ਼ਰਿਤ ਹੁੰਦੇ ਹਨ
- ✗ B. ਸਮਾਨ ਗੁਣਾਂ ਵਾਲੀਆਂ ਗੈਸਾਂ ਦਾ ਮਿਸ਼ਰਣ
- ✗ C. ਇੱਕ ਪਦਾਰਥ ਜਿਸ ਵਿੱਚ ਸਿਰਫ਼ ਇੱਕ ਕਿਸਮ ਦੇ ਕਣ ਹੋਣ
- ✓ D. ਇੱਕ ਅਜਿਹਾ ਮਿਸ਼ਰਣ ਜਿਸ ਵਿੱਚ ਘਟਕ ਅਸਮਾਨ ਰੂਪ ਵਿੱਚ ਵੰਡੇ ਜਾਂਦੇ ਹਨ

**Q.80** ਇੱਕ ਦੌੜਾਕ 400 m ਚੱਕਰਾਕਾਰ ਟ੍ਰੈਕ 80 s ਵਿੱਚ ਪੂਰਾ ਕਰਦਾ ਹੈ, ਅਤੇ ਸ਼ੁਰੂਆਤੀ ਬਿੰਦੂ 'ਤੇ ਹੀ ਆਪਣੀ ਦੌੜ ਖਤਮ ਕਰਦਾ ਹੈ। ਇਸ ਦੌੜ ਲਈ ਔਸਤ ਵੇਗ ਦਾ ਪਰਿਮਾਣ ਕਿੰਨਾ ਹੋਵੇਗਾ?

**Ans**
- ✗ A. 10 m/s
- ✓ B. 0 m/s
- ✗ C. 4 m/s
- ✗ D. 5 m/s

**Q.81** ਇੱਕ ਪੌਦੇ ਨੂੰ ਕਈ ਦਿਨਾਂ ਤੱਕ ਇੱਕ ਸੀਲਬੰਦ ਕੱਚ ਦੇ ਡੱਬੇ ਵਿੱਚ ਰੱਖਿਆ ਜਾਂਦਾ ਹੈ। ਕਿਹੜੀ ਜੀਵਨ ਪ੍ਰਕਿਰਿਆ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ?

**Ans**
- ✗ A. ਭੋਜਨ ਦਾ ਊਰਜਾ ਵਿੱਚ ਬਦਲਣਾ
- ✗ B. ਪੌਸ਼ਟਿਕ ਤੱਤਾਂ ਦਾ ਪਰਿਵਹਿਣ
- ✗ C. ਜੜ੍ਹਾਂ ਦੁਆਰਾ ਪਾਣੀ ਦਾ ਸੋਖਣ
- ✓ D.
ਆਲੇ-ਦੁਆਲੇ ਨਾਲ ਗੈਸ ਦਾ ਆਦਾਨ-ਪ੍ਰਦਾਨ

Blackbook

Get India's No 1 Vocab Preparation App for FREE : Blackbook : English Vocabulary GET IT ON Google Play

Q.82 ਬਹੁਗੂੰਜਣ, ਹੇਠ ਲਿਖਿਆਂ ਵਿੱਚੋਂ ਕਿਹੜਾ ਵਰਤਾਰਾ ਹੈ?

Ans
- ✗ A. ਧੁਨੀ ਤਰੰਗਾਂ ਦਾ ਅਪਵਰਤਨ
- ✗ B. ਧੁਨੀ ਦਾ ਇੱਕ ਵਾਰ ਪਰਾਵਰਤਨ
- ✗ C. ਧੁਨੀ ਦਾ ਸੋਖਣ
- ✓ D. ਕਈ ਵਾਰ ਪਰਾਵਰਤਨਾਂ ਕਾਰਨ ਧੁਨੀ ਦਾ ਨਿਰੰਤਰ ਬਣੇ ਰਹਿਣਾ

Q.83 ਉਹ ਕਿਹੜਾ ਤੱਤ ਹੈ ਜਿਸਨੂੰ ਆਮ ਤੌਰ 'ਤੇ "ਜੀਵਨ ਦਾ ਅਧਾਰ" ਕਿਹਾ ਜਾਂਦਾ ਹੈ?

Ans
- ✗ A. ਹੀਲੀਅਮ
- ✗ B. ਸਲਫਰ
- ✗ C. ਆਇਰਨ
- ✓ D. ਕਾਰਬਨ

Q.84 ਦਿਮਾਗ ਦੇ ਕਿਹੜੇ ਹਿੱਸੇ ਨੂੰ ਨੁਕਸਾਨ ਪਹੁੰਚਣ ਨਾਲ ਸਾਹ ਦੀ ਕਿਰਿਆ ਅਤੇ ਦਿਲ ਦੀ ਧੜਕਣ ਵਿੱਚ ਤੁਰੰਤ ਰੁਕਾਵਟ ਆਉਣ ਦੀ ਸਭ ਤੋਂ ਵੱਧ ਸੰਭਾਵਨਾ ਹੁੰਦੀ ਹੈ?

Ans
- ✗ A. ਹਾਈਪੋਥੈਲੇਮਸ (Hypothalamus)
- ✗ B. ਸੈਰੀਬੇਲਮ (Cerebellum)
- ✓ C. ਮੈਡੁਲਾ ਓਬਲਾਂਗੇਟਾ (Medulla oblongata)
- ✗ D. ਸੈਰੀਬ੍ਰਮ (Cerebrum)

Q.85 ਜੇਕਰ ਦੋ ਜੀਵ ਇੱਕੋ ਵੰਸ਼ ਦੇ ਹੋਣ ਪਰ ਇਹਨਾਂ ਦੀਆਂ ਪ੍ਰਜਾਤੀਆਂ ਵੱਖ-ਵੱਖ ਹੋਣ, ਤਾਂ ਇਸਦਾ ਕੀ ਅਰਥ ਹੁੰਦਾ ਹੈ?

Ans
- ✓ A. ਇਹ ਆਪਸ ਵਿੱਚ ਕਾਫ਼ੀ ਮਿਲਦੇ-ਜੁਲਦੇ ਹਨ ਪਰ ਪ੍ਰਜਾਤੀ ਦੇ ਪੱਧਰ 'ਤੇ ਵੱਖਰੇ ਹਨ।
- ✗ B. ਇਹ ਵੱਖ-ਵੱਖ ਵਰਗਾਂ ਦੇ ਜੀਵਾਂ ਦੀ ਤੁਲਨਾ ਵਿੱਚ ਘੱਟ ਸੰਬੰਧਿਤ ਹਨ।
- ✗ C. ਇਹ ਸਾਰੀਆਂ ਵਿਸ਼ੇਸ਼ਤਾਵਾਂ ਵਿੱਚ ਸਮਰੂਪ ਹਨ।
- ✗ D. ਇਹਨਾਂ ਵਿੱਚ ਕੋਈ ਵੀ ਸਾਂਝੀ ਵਿਸ਼ੇਸ਼ਤਾ ਨਹੀਂ ਹੈ।

Q.86 'ਪਦਾਰਥ ਦੀਆਂ ਅਵਸਥਾਵਾਂ ਦਾ ਆਪਸੀ ਪਰਿਵਰਤਨ' ਅਤੇ 'ਜਲਣ' _________ ਦੀਆਂ ਉਦਾਹਰਣਾਂ ਹਨ।

Ans
- ✗ A. ਦੋਵੇਂ ਰਸਾਇਣਕ ਤਬਦੀਲੀਆਂ
- ✗ B. ਦੋਵੇਂ ਭੌਤਿਕ ਤਬਦੀਲੀਆਂ
- ✓ C. ਭੌਤਿਕ ਅਤੇ ਰਸਾਇਣਕ ਤਬਦੀਲੀ, ਕ੍ਰਮਵਾਰ
- ✗ D. ਰਸਾਇਣਕ ਅਤੇ ਭੌਤਿਕ ਤਬਦੀਲੀ, ਕ੍ਰਮਵਾਰ

Q.87 ਇੱਕ ਮਾਈਨਿੰਗ ਕੰਪਨੀ ਕਿਸੇ ਨਵੀਂ ਧਾਤ ਦੀ ਖੋਜ ਕਰਦੀ ਹੈ ਜੋ ਕਿਰਿਆਸ਼ੀਲਤਾ ਲੜੀ ਵਿੱਚ ਹੇਠਾਂ ਹੈ ਅਤੇ ਆਪਣੀ ਮੂਲ ਅਵਸਥਾ ਵਿੱਚ ਪਾਈ ਜਾਂਦੀ ਹੈ। ਸ਼ੁੱਧ ਧਾਤ ਨੂੰ ਕੁਸ਼ਲਤਾਪੂਰਵਕ ਪ੍ਰਾਪਤ ਕਰਨ ਲਈ ਕੰਪਨੀ ਨੂੰ ਕਿਸ ਨਿਸ਼ਕਰਸ਼ਣ ਵਿਧੀ ਨੂੰ ਤਰਜੀਹ ਦੇਣੀ ਚਾਹੀਦੀ ਹੈ?

Ans
- ✗ A. ਪਿਘਲੇ ਹੋਏ ਧਾਤੂ ਲੂਣ ਦਾ ਬਿਜਲਈ ਅਪਘਟਨ
- ✗ B. ਹਵਾ ਵਿੱਚ ਭੁੰਨਣ ਤੋਂ ਬਾਅਦ ਲਘੂਕਰਨ
- ✓ C. ਹੱਥ ਨਾਲ ਚੁਗਣਾ ਜਾਂ ਧੋਣਾ ਵਰਗੇ ਭੌਤਿਕ ਨਿਖੇੜਨ
- ✗ D. ਕੱਚੀ ਧਾਤ ਦਾ ਤਾਪੀ ਅਪਘਟਨ

Q.88 ਧਰਤੀ 'ਤੇ ਜ਼ਿਆਦਾਤਰ ਮੌਸਮੀ ਵਰਤਾਰਿਆਂ ਲਈ ਵਾਯੂਮੰਡਲ ਦੀ ਕਿਹੜੀ ਪਰਤ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ?

Ans
- ✗ A. ਸਟ੍ਰੈਟੋਸਫੀਅਰ (Stratosphere)
- ✓ B. ਟ੍ਰੋਪੋਸਫੀਅਰ (Troposphere)
- ✗ C. ਮੱਧ-ਮੰਡਲ (Mesosphere)
- ✗ D. ਤਾਪ-ਵਾਯੂ ਮੰਡਲ (Thermosphere)

Q.89 ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰਕ ਭਾਰਤ ਵਿੱਚ ਪੌਦਿਆਂ ਦੀ ਉੱਚ ਵਿਭਿੰਨਤਾ ਵਿੱਚ ਯੋਗਦਾਨ ਪਾਉਂਦਾ ਹੈ?

Ans
- ✗ A. ਇੱਕਸਾਰ ਉਚਾਈ
- ✓ B. ਵੱਖ-ਵੱਖ ਜਲਵਾਯੂ ਖੇਤਰ
- ✗ C.
ਸੀਮਤ ਵਰਖਾ
- ✗ D. ਮਿੱਟੀ ਦੀਆਂ ਇੱਕਸਮਾਨ ਕਿਸਮਾਂ

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.90** ਧਰਤੀ ਤੋਂ ਵੇਖੇ ਜਾਣ 'ਤੇ ਤਾਰਿਆਂ ਦੇ ਟਿਮਟਿਮਾਉਣ ਸੰਬੰਧੀ ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ?
(i) ਟਿਮਟਿਮਾਉਣਾ ਵਾਯੂਮੰਡਲ ਦੇ ਅਪਵਰਤਨ ਦੇ ਕਾਰਨ ਹੁੰਦਾ ਹੈ।
(i) ਟਿਮਟਿਮਾਉਣਾ, ਵਾਯੂਮੰਡਲੀ ਅਪਵਰਤਨ ਕਾਰਨ ਹੁੰਦਾ ਹੈ।
(ii) ਧਰਤੀ ਦੇ ਵਾਯੂਮੰਡਲ ਦੀ ਘਣਤਾ ਸਾਰੀਆਂ ਉਚਾਈਆਂ 'ਤੇ ਇਕਸਮਾਨ ਹੁੰਦੀ ਹੈ।
(iii) ਵਾਯੂਮੰਡਲੀ ਸਥਿਤੀਆਂ ਦੇ ਬਦਲਾਅ ਕਾਰਨ ਤਾਰਿਆਂ ਦੀ ਪ੍ਰਤੱਖ ਸਥਿਤੀ ਥੋੜ੍ਹੀ ਜਿਹੀ ਬਦਲ ਜਾਂਦੀ ਹੈ।
(iv) ਤਾਰਿਆਂ ਦੀ ਤੁਲਨਾ ਵਿੱਚ ਗ੍ਰਹਿਆਂ ਦਾ ਟਿਮਟਿਮਾਉਣਾ ਵਧੇਰੇ ਸਪੱਸ਼ਟ ਹੁੰਦਾ ਹੈ।

**Ans**
- ✗ A. ਦੋਵੇਂ (ii) ਅਤੇ (iv)
- ✓ B. ਦੋਵੇਂ (i) ਅਤੇ (iii)
- ✗ C. ਦੋਵੇਂ (iii) ਅਤੇ (iv)
- ✗ D. ਦੋਵੇਂ (i) ਅਤੇ (ii)

Section : **General Awareness**

**Q.91** ਹੇਠ ਲਿਖਿਆਂ ਵਿੱਚੋਂ ਕਿਸ ਸਥਾਨ 'ਤੇ ਮਾਰਚ 2026 ਵਿੱਚ, ਭਾਰਤੀ ਹਥਿਆਰਬੰਦ ਸੈਨਾ ਦੀ ਟੁਕੜੀ ਸੰਯੁਕਤ ਸੈਨਿਕ ਅਭਿਆਸ "LAMITIYE-2026" ਦੇ ਗਿਆਰ੍ਹਵੇਂ ਸੰਸਕਰਣ ਵਿੱਚ ਹਿੱਸਾ ਲੈਣ ਲਈ ਪਹੁੰਚੀ ਸੀ?

**Ans**
- ✗ A. ਮਾਲਦੀਵ
- ✗ B. ਥਾਈਲੈਂਡ
- ✓ C. ਸੇਸ਼ੇਲਸ
- ✗ D. ਮਾਰੀਸ਼ਸ

**Q.92** ਹੇਠਾਂ ਦਿੱਤੇ ਨੀਤੀਗਤ ਸੁਧਾਰਾਂ ਵਿੱਚੋਂ ਕਿਹੜਾ, ਜੋ 2025 ਦੇ ਅਖੀਰ ਵਿੱਚ ਲਾਗੂ ਕੀਤਾ ਗਿਆ ਸੀ, ਭਾਰਤ ਵਿੱਚ ਰਾਤ ਦੀ ਸ਼ਿਫਟ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਲਈ ਆਵਾਜਾਈ ਦੀਆਂ ਸਹੂਲਤਾਂ ਸਮੇਤ ਸੁਰੱਖਿਆ ਪ੍ਰਬੰਧਾਂ ਨੂੰ ਲਾਜ਼ਮੀ ਬਣਾਉਂਦਾ ਸੀ?

**Ans**
- ✗ A. POSH ਐਕਟ ਸੋਧ 25, 2021
- ✓ B. ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮਕਾਜੀ ਹਾਲਾਤ ਕੋਡ, 2020
- ✗ C. ਵਿਸ਼ਾਖਾ ਦਿਸ਼ਾ-ਨਿਰਦੇਸ਼ 2019
- ✗ D. ਸੇਫ ਸਿਟੀ ਪ੍ਰੋਜੈਕਟ, ਕਿਰਤ ਕੰਮਕਾਜੀ ਹਾਲਾਤ ਐਕਟ 2021

**Q.93** ਫਰਵਰੀ 2026 ਵਿੱਚ, ਡਿਜੀਟਲ ਇੰਡੀਆ BHASHINI ਡਿਵੀਜ਼ਨ (DIBD) ਨੇ ਬਹੁ-ਭਾਸ਼ਾਈ ਬੈਂਕਿੰਗ ਸੇਵਾਵਾਂ ਨੂੰ ਵਧਾਉਣ ਲਈ ਕਿਸ ਸੰਸਥਾ ਨਾਲ ਇੱਕ ਸਮਝੌਤਾ ਕੀਤਾ ਸੀ?

**Ans**
- ✗ A. ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (SEBI)
- ✗ B. ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (NPCI)
- ✓ C. ਰਿਜ਼ਰਵ ਬੈਂਕ ਆਫ ਇੰਡੀਆ (RBI)
- ✗ D. ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ ਇੰਡੀਆ (SIDBI)

**Q.94** ਜੂਨ 2026 ਵਿੱਚ ਕਿਸ ਨੂੰ ਸੇਵਾ ਕਾਲ ਵਿੱਚ ਵਾਧਾ ਦੇ ਕੇ 31 ਦਸੰਬਰ 2026 ਤੱਕ ਕੇਂਦਰੀ ਪ੍ਰਤੱਖ ਕਰ ਬੋਰਡ (CBDT) ਦੇ ਚੇਅਰਮੈਨ ਵਜੋਂ ਮੁੜ ਨਿਯੁਕਤ ਕੀਤਾ ਗਿਆ ਹੈ

**Ans**
- ✗ A. ਨਿਤਿਨ ਗੁਪਤਾ
- ✗ B. ਤੁਹਿਨ ਕਾਂਤਾ ਪਾਂਡੇ
- ✗ C. ਸੰਜੇ ਮਲਹੋਤਰਾ
- ✓ D. ਰਵੀ ਅਗਰਵਾਲ

**Q.95** ਨਵੰਬਰ 2025 ਵਿੱਚ ਆਯੋਜਿਤ ਰਾਸ਼ਟਰੀ ਵਿਚਾਰ-ਵਟਾਂਦਰਾ ਵਰਕਸ਼ਾਪ (national consultation workshop) ਦੌਰਾਨ, ਕਿਸ ਅੰਤਰਰਾਸ਼ਟਰੀ ਸੰਗਠਨ ਦੇ ਪ੍ਰਤੀਨਿਧ ਨੇ ਭਾਰਤ ਨੂੰ ਵਿਸ਼ਵਵਿਆਪੀ ਨਰਸਿੰਗ ਕਿਰਤ-ਸ਼ਕਤੀ ਵਿੱਚ ਦੁਨੀਆ ਦੇ ਸਭ ਤੋਂ ਵਧੇਰੇ ਯੋਗਦਾਨ ਪਾਉਣ ਵਾਲੇ ਦੇਸ਼ਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ?

**Ans**
- ✓ A. ਵਿਸ਼ਵ ਸਿਹਤ ਸੰਗਠਨ (WHO)
- ✗ B. ਸੰਯੁਕਤ ਰਾਸ਼ਟਰ ਬਾਲ ਫੰਡ (UNICEF)
- ✗ C. ਅੰਤਰਰਾਸ਼ਟਰੀ ਨਰਸ ਕੌਂਸਲ (ICN)
- ✗ D. ਵਿਸ਼ਵ ਪਰਿਵਾਰ ਭਲਾਈ ਸੰਗਠਨ (WFWO)

Get India's No 1 Vocab Preparation App for FREE : **Blackbook : English Vocabulary** GET IT ON Google Play

**Q.96** ਫਰਵਰੀ 2026 ਵਿੱਚ, DRDO ਦੁਆਰਾ ਕਿਸ ਸੁਵਿਧਾ ਕੇਂਦਰ 'ਤੇ ਗਗਨਯਾਨ ਮਿਸ਼ਨ ਲਈ ਡਰੋਗ ਪੈਰਾਸ਼ੂਟ ਦਾ ਕੁਆਲੀਫੀਕੇਸ਼ਨ-ਲੈਵਲ ਲੋਡ ਟੈਸਟ ਕੀਤਾ ਗਿਆ?

**Ans**
- ✗ A. ਏਅਰੋਨੌਟਿਕਲ ਟੈਸਟ ਰੇਂਜ, ਚਿੱਤਰਦੁਰਗ (Aeronautical Test Range, Chitradurga)
- ✓ B. ਰੇਲ ਟ੍ਰੈਕ ਰਾਕੇਟ ਸਲੇਡ ਫੈਸੀਲਿਟੀ ਆਫ TBRL, ਚੰਡੀਗੜ੍ਹ (Rail Track Rocket Sled facility of TBRL, Chandigarh)
- ✗ C. ਡਿਫੈਂਸ ਬਾਇਓਇੰਜੀਨੀਅਰਿੰਗ ਅਤੇ ਇਲੈਕਟ੍ਰੋਮੈਡੀਕਲ ਲੈਬੋਰੇਟਰੀ, ਬੰਗਲੁਰੂ (Defence Bioengineering and Electromedical Laboratory, Bengaluru)
- ✗ D. ਇੰਟੀਗ੍ਰੇਟਡ ਟੈਸਟ ਰੇਂਜ, ਚਾਂਦੀਪੁਰ (Integrated Test Range, Chandipur)

**Q.97** ਜੂਨ 2026 ਵਿੱਚ, 20ਵਾਂ ਰਾਸ਼ਟਰੀ ਅੰਕੜਾ ਦਿਵਸ ਕਿਸ ਥੀਮ ਅਧੀਨ ਮਨਾਇਆ ਗਿਆ ਸੀ?

**Ans**
- ✗ A. ਡੇਟਾ-ਡਰਾਈਵਨ ਗਵਰਨੈਂਸ ਫਾਰ ਵਿਕਸਿਤ ਭਾਰਤ (Data-Driven Governance for Viksit Bharat)
- ✗ B. ਹਾਰਨੈਸਿੰਗ ਆਫੀਸ਼ੀਅਲ ਸਟੈਟਿਸਟਿਕ ਫਾਰ ਗ੍ਰੋਥ (Harnessing Official Statistics for Growth)
- ✓ C. ਅਨਲੌਕਿੰਗ ਦ ਪੁਟੈਂਸ਼ਲ ਆਫ ਐਡਮਿਨਿਸਟ੍ਰੇਟਿਵ ਡੇਟਾ (Unlocking the Potential of Administrative Data)
- ✗ D. ਸਟੈਟਿਸਟਿਕ ਫਾਰ ਸਸਟੇਨੇਬਲ ਡਿਵੈਲਪਮੈਂਟ (Statistics for Sustainable Development)

**Q.98** ਤੀਜਾ ਭਾਰਤ-ਆਸਟ੍ਰੇਲੀਆ ਸਾਲਾਨਾ ਸਿਖਰ ਸੰਮੇਲਨ 9 ਜੁਲਾਈ 2026 ਨੂੰ ਹੇਠ ਲਿਖੀਆਂ ਵਿੱਚ ਕਿਸ ਥਾਂ 'ਤੇ ਆਯੋਜਿਤ ਕੀਤਾ ਗਿਆ ਸੀ?

**Ans**
- ✓ A. ਮੈਲਬੌਰਨ
- ✗ B. ਚੇਨਈ
- ✗ C. ਨਵੀਂ ਦਿੱਲੀ
- ✗ D. ਪਰਥ

**Q.99** ਜੂਨ 2026 ਵਿੱਚ ਉਪ-ਰਾਸ਼ਟਰਪਤੀ ਸੀ. ਪੀ. ਰਾਧਾਕ੍ਰਿਸ਼ਨਨ ਦੁਆਰਾ ਜਾਰੀ ਕੀਤੀ ਗਈ ਕਿਤਾਬ "ਸੰਸਕ੍ਰਿਤੀ ਰਤਨ ਭੰਡਾਰ: ਭੌਂਵੈਯਾਰ ਇਤੀਬ੍ਰਿਤੋ" ਕਿਸ ਦੁਆਰਾ ਲਿਖੀ ਗਈ ਸੀ?

**Ans**
- ✗ A. ਡਾ. ਜਯੰਤ ਕੁਮਾਰ ਰਾਏ ਅਤੇ ਆਨੰਦ ਰਾਏ
- ✓ B. ਡਾ. ਜਯੰਤਾ ਕੁਮਾਰ ਰਾਏ ਅਤੇ ਸੰਗੀਤਾ ਰਾਏ
- ✗ C. ਜਯੰਤ ਮਹਾਪਾਤਰਾ ਅਤੇ ਸੰਗੀਤਾ ਰਾਏ
- ✗ D. ਉਦੈ ਸੰਕਰ ਭੱਟਾਚਾਰੀਆ ਅਤੇ ਸੰਗੀਤਾ ਰਾਏ

**Q.100** ਜੁਲਾਈ 2026 ਵਿੱਚ ਨਰਮਦਾ ਅਵਾਰਡ ਅਧੀਨ ਬਕਾਇਆ ਭੁਗਤਾਨ ਮੁੱਦਿਆਂ ਨੂੰ ਹੱਲ ਕਰਨ ਲਈ ਹਸਤਾਖਰ ਕੀਤੇ ਗਏ ਸਮਝੌਤੇ ਵਿੱਚ ਰਾਜਾਂ ਦਾ ਕਿਹੜਾ ਸਮੂਹ ਸ਼ਾਮਲ ਸੀ?

**Ans**
- ✓ A. ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ
- ✗ B. ਮੱਧ ਪ੍ਰਦੇਸ਼, ਗੁਜਰਾਤ, ਤੇਲੰਗਾਨਾ ਅਤੇ ਮਹਾਰਾਸ਼ਟਰ
- ✗ C. ਮਹਾਰਾਸ਼ਟਰ, ਛੱਤੀਸਗੜ੍ਹ, ਗੁਜਰਾਤ ਅਤੇ ਰਾਜਸਥਾਨ
- ✗ D. ਗੁਜਰਾਤ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼

"

Blackbook

Get India's No 1 Vocab Preparation App for FREE : Blackbook : English Vocabulary
GET IT ON Google Play

रेलवे भर्ती बोर्ड / RAILWAY RECRUITMENT BOARD
सीईएन ०२/२०२६ - तकनीशियन ग्रेड। सिगनल और तकनीशियन ग्रेड III
CEN 02/2026 - Technician Grade I Signal and Technician Grade III

| | |
|---|---|
| Test Date | 08/10/2026 |
| Test Time | 4:30 PM - 6:00 PM |
| Subject | RRB Technician Grade III |

*** Note**
**Correct Answer will carry 1 mark per Question.**
**Incorrect Answer will carry 1/3 Negative mark per Question.**

**1. Options shown in green color with a tick icon are correct.**
**2. Chosen option on the right of the question indicates the option selected by the candidate.**

Section : **Mathematics**

**Q.1** $\left[2^{-1}\left\{\left(\frac{3}{4}\right)^2+\left(\frac{4}{3}\right)^{-2}\right\}^{-1}\right]$ ਦਾ ਮੁੱਲ ਪਤਾ ਕਰੋ।

**Ans**
✗ A. $\frac{14}{9}$
✗ B. $\frac{2}{9}$
✓ C. $\frac{4}{9}$
✗ D. $\frac{1}{3}$

**Q.2** ਜੇਕਰ ਇੱਕ ਗੋਲੇ ਦੀ ਸਤ੍ਹਾ ਦਾ ਖੇਤਰਫਲ 616 $cm^2$ ਹੈ, ਤਾਂ ਇਸਦਾ ਅਰਧ-ਵਿਆਸ ਪਤਾ ਕਰੋ। ($\pi = \frac{22}{7}$ ਦੀ ਵਰਤੋਂ ਕਰੋ)

**Ans**
✗ A. 4 cm
✓ B. 7 cm
✗ C. 5 cm
✗ D. 6 cm

**Q.3** ਮੋਹਿਤ ਨੇ ਰਮਨ ਨੂੰ ਇੱਕ ਘੜੀ 8% ਦੇ ਲਾਭ 'ਤੇ ਵੇਚੀ ਅਤੇ ਰਮਨ ਨੇ ਇਸ ਨੂੰ ਕਰਨ ਨੂੰ 5% ਦੀ ਹਾਨੀ 'ਤੇ ਵੇਚ ਦਿੱਤਾ। ਜੇਕਰ ਕਰਨ ਇਸਦੇ ਲਈ ₹1,710 ਦਾ ਭੁਗਤਾਨ ਕਰਦਾ ਹੈ, ਤਾਂ ਮੋਹਿਤ ਨੇ ਇਸਨੂੰ ਕਿੰਨੇ ਰੁਪਏ ਵਿੱਚ ਖਰੀਦਿਆ ਸੀ? (ਸਹੀ ਨਿਕਟਤਮ ਸੰਪੂਰਨ ਸੰਖਿਆ ਤੱਕ)

**Ans**
✗ A. ₹1,697
✓ B. ₹1,667
✗ C. ₹1,637
✗ D. ₹1,617

**Q.4** ਇੱਕ ਵਿਅਕਤੀ ਨੇ ₹57,500 ਦੀ ਧਨਰਾਸ਼ੀ 8% ਸਾਲਾਨਾ ਸਧਾਰਨ ਵਿਆਜ ਦੀ ਦਰ 'ਤੇ 3 ਸਾਲਾਂ ਲਈ ਨਿਵੇਸ਼ ਕੀਤੀ ਹੈ। 3 ਸਾਲਾਂ ਬਾਅਦ ਉਸ ਨੂੰ ਪ੍ਰਾਪਤ ਹੋਣ ਵਾਲੀ ਧਨਰਾਸ਼ੀ (₹ ਵਿੱਚ) ਪਤਾ ਕਰੋ।

**Ans**
✓ A. 71300
✗ B. 72300
✗ C. 14800
✗ D. 13800

Get India's No 1 Vocab Preparation App for FREE : Blackbook : English Vocabulary
GET IT ON Google Play

Q.5 ਇੱਕ ਖਾਸ ਮੂਲਧਨ ਅਤੇ ਸਾਲਾਨਾ ਵਿਆਜ ਦਰ ਲਈ, 2 ਸਾਲਾਂ ਬਾਅਦ ਮਿਸ਼ਰਿਤ ਵਿਆਜ (ਸਾਲਾਨਾ ਤੌਰ 'ਤੇ ਮਿਸ਼ਰਿਤ) ਅਤੇ ਸਧਾਰਨ ਵਿਆਜ ਵਿੱਚ ਅੰਤਰ ₹720 ਹੈ। ਜੇਕਰ ਮੂਲਧਨ ਅਤੇ ਸਾਲਾਨਾ ਵਿਆਜ ਦਰ ਦੋਵਾਂ ਨੂੰ ਦੁੱਗਣਾ ਕਰ ਦਿੱਤਾ ਜਾਵੇ, ਤਾਂ 2 ਸਾਲਾਂ ਬਾਅਦ ਮਿਸ਼ਰਿਤ ਵਿਆਜ ਅਤੇ ਸਧਾਰਨ ਵਿਆਜ ਵਿੱਚ ਨਵਾਂ ਅੰਤਰ ਕਿੰਨਾ ਹੋਵੇਗਾ?

Ans
- ✔ A. ₹5,760
- ✘ B. ₹2,880
- ✘ C. ₹4,320
- ✘ D. ₹5,040

Q.6 ਤਿਕੋਣ PQR ਵਿੱਚ, ਬਿੰਦੂ S ਅਤੇ T ਕ੍ਰਮਵਾਰ PQ ਅਤੇ PR 'ਤੇ ਇਸ ਤਰ੍ਹਾਂ ਸਥਿਤ ਹਨ ਕਿ ST ∥ QR ਹੈ। ਜੇਕਰ PS : SQ = 4 : 7 ਅਤੇ PT = 12 cm, ਤਾਂ PR ਦਾ ਮੁੱਲ ਪਤਾ ਕਰੋ।

Ans
- ✘ A. 24 cm
- ✔ B. 33 cm
- ✘ C. 30 cm
- ✘ D. 27 cm

Q.7 ਹੇਠ ਲਿਖਿਆਂ ਵਿੱਚੋਂ ਕਿਹੜਾ ਚੱਕਰ ਦੀਆਂ ਵਿਸ਼ੇਸ਼ਤਾਵਾਂ ਦੇ ਸੰਬੰਧ ਵਿੱਚ ਸਹੀ ਨਹੀਂ ਹੈ?

Ans
- ✘ A. ਇੱਕ ਚੱਕਰ ਦੇ ਪਰਿਮਾਪ ਅਤੇ ਵਿਆਸ ਦਾ ਅਨੁਪਾਤ ਸਥਿਰ ਰਹਿੰਦਾ ਹੈ।
- ✘ B. 7 ਇਕਾਈਆਂ ਅਰਧ-ਵਿਆਸ ਵਾਲੇ ਚੱਕਰ ਦੀ ਸਭ ਤੋਂ ਵੱਡੀ ਜੀਵਾ ਦੀ ਲੰਬਾਈ 14 ਇਕਾਈਆਂ ਹੁੰਦੀ ਹੈ।
- ✘ C. ਸਭ ਤੋਂ ਵੱਡੀ ਜੀਵਾ ਚੱਕਰ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ।
- ✔ D. ਜਦੋਂ ਕੋਈ ਜੀਵਾ ਕੇਂਦਰ ਦੇ ਨੇੜੇ ਖਿੱਚੀ ਜਾਂਦੀ ਹੈ, ਤਾਂ ਉਸਦੀ ਲੰਬਾਈ ਘਟਦੀ ਹੈ।

Q.8 ਇੱਕ ਦੁਕਾਨਦਾਰ ਕਿਸੇ ਬੈਗ ਦਾ ਮੁੱਲ ਉਸਦੇ ਖਰੀਦ ਮੁੱਲ ਤੋਂ (3y + 8)% ਵੱਧ ਅੰਕਿਤ ਕਰਦਾ ਹੈ। ਉਹ ਅੰਕਿਤ ਮੁੱਲ 'ਤੇ 25% ਦੀ ਛੋਟ ਦਿੰਦਾ ਹੈ ਅਤੇ 2% ਦਾ ਲਾਭ ਪ੍ਰਾਪਤ ਕਰਦਾ ਹੈ। y ਦਾ ਮੁੱਲ ਪਤਾ ਕਰੋ। (ਨਿਕਟਤਮ ਸੰਪੂਰਨ ਸੰਖਿਆ ਤੱਕ)

Ans
- ✔ A. 9
- ✘ B. 7
- ✘ C. 10
- ✘ D. 8

Q.9 ਇੱਕ ਦੁਕਾਨਦਾਰ 15 ਨੋਟਬੁੱਕਾਂ ₹20 ਪ੍ਰਤੀ ਨੋਟਬੁੱਕ ਦੀ ਦਰ ਨਾਲ ਖਰੀਦਦਾ ਹੈ ਅਤੇ ਉਹਨਾਂ ਸਾਰੀਆਂ ਨੂੰ ਕੁੱਲ ₹360 ਵਿੱਚ ਵੇਚ ਦਿੰਦਾ ਹੈ। ਲਾਭ ਜਾਂ ਹਾਨੀ ਪ੍ਰਤੀਸ਼ਤ ਕਿੰਨੀ ਹੈ?

Ans
- ✘ A. 15% ਦੀ ਹਾਨੀ
- ✔ B. 20% ਦਾ ਲਾਭ
- ✘ C. 25% ਦਾ ਲਾਭ
- ✘ D. 20% ਦੀ ਹਾਨੀ

Q.10 ਦੋ ਰੇਲਗੱਡੀਆਂ ਦੋ ਸਟੇਸ਼ਨਾਂ ਤੋਂ ਇੱਕੋ ਸਮੇਂ ਇੱਕ-ਦੂਜੇ ਵੱਲ ਕ੍ਰਮਵਾਰ 72 km/hr ਅਤੇ 90 km/hr ਦੀ ਚਾਲ ਨਾਲ ਚੱਲਣਾ ਸ਼ੁਰੂ ਕਰਦੀਆਂ ਹਨ। ਜਦੋਂ ਉਹ ਆਪਸ ਵਿੱਚ ਮਿਲਦੀਆਂ ਹਨ, ਤਾਂ ਇੱਕ ਰੇਲਗੱਡੀ ਨੇ ਦੂਜੀ ਰੇਲਗੱਡੀ ਨਾਲੋਂ 72 km ਵੱਧ ਦੂਰੀ ਤੈਅ ਕੀਤੀ ਹੁੰਦੀ ਹੈ। ਦੋਵਾਂ ਸਟੇਸ਼ਨਾਂ ਵਿਚਕਾਰਲੀ ਦੂਰੀ (km ਵਿੱਚ) ਪਤਾ ਕਰੋ।

Ans
- ✘ A. 696
- ✘ B. 712
- ✘ C. 674
- ✔ D. 648

Q.11 ਮਾਰਚ ਦੇ ਮਹੀਨੇ ਵਿੱਚ ਇੱਕ ਡੀਲਰ ਦੁਆਰਾ ਕਾਰਾਂ ਦੀ ਪ੍ਰਤੀ ਦਿਨ ਔਸਤ ਵਿਕਰੀ, ਸ਼ਨੀਵਾਰ ਅਤੇ ਐਤਵਾਰ ਨੂੰ ਛੱਡ ਕੇ, 136 ਹੈ। ਐਤਵਾਰ ਨੂੰ ਕਾਰਾਂ ਦੀ ਪ੍ਰਤੀ ਦਿਨ ਔਸਤ ਵਿਕਰੀ 138 ਹੈ। ਜੇਕਰ ਪਹਿਲਾ ਸ਼ਨੀਵਾਰ ਮਾਰਚ ਦੀ 3 ਤਾਰੀਖ ਨੂੰ ਹੈ ਅਤੇ ਪੂਰੇ ਮਹੀਨੇ ਲਈ ਕਾਰਾਂ ਦੀ ਪ੍ਰਤੀ ਦਿਨ ਔਸਤ ਵਿਕਰੀ 199 ਹੈ, ਤਾਂ ਸ਼ਨੀਵਾਰ ਨੂੰ ਕਾਰਾਂ ਦੀ ਪ੍ਰਤੀ ਦਿਨ ਔਸਤ ਵਿਕਰੀ ਕਿੰਨੀ ਹੋਵੇਗੀ?

Ans
- ✘ A. 520
- ✘ B. 528
- ✔ C. 525
- ✘ D. 521

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.12** ਇੱਕ ਤਿਕੋਣ ਦੀਆਂ ਭੁਜਾਵਾਂ ਦਾ ਅਨੁਪਾਤ 13 : 14 : 15 ਹੈ ਅਤੇ ਇਸ ਦਾ ਪਰਿਮਾਪ 42 cm ਹੈ। ਤਿਕੋਣ ਦਾ ਖੇਤਰਫਲ ਪਤਾ ਕਰੋ।

**Ans**
- ✗ A. 120 $cm^2$
- ✗ B. 42 $cm^2$
- ✓ C. 84 $cm^2$
- ✗ D. 168 $cm^2$

**Q.13** ਹੁਣ ਤੋਂ ਦੋ ਸਾਲ ਪਹਿਲਾਂ, ਹਿਤੇਸ਼ ਦੀ ਉਮਰ ਜਿਤੇਸ਼ ਦੀ ਉਮਰ ਨਾਲੋਂ 6 ਗੁਣਾ ਸੀ। ਹੁਣ ਤੋਂ 2 ਸਾਲ ਬਾਅਦ, ਉਸਦੀ ਉਮਰ ਜਿਤੇਸ਼ ਦੀ ਉਮਰ ਨਾਲੋਂ 2 ਗੁਣਾ ਹੋ ਜਾਵੇਗੀ। ਹਿਤੇਸ਼ ਦੀ ਵਰਤਮਾਨ ਉਮਰ (ਸਾਲਾਂ ਵਿੱਚ) ਪਤਾ ਕਰੋ।

**Ans**
- ✗ A. 7
- ✗ B. 5
- ✓ C. 8
- ✗ D. 6

**Q.14** 7 ਅੰਕਾਂ ਦੀ 236A3B9 ਸੰਖਿਆ, 3 ਨਾਲ ਭਾਗਯੋਗ ਹੈ। (A+B) ਦਾ ਘੱਟੋ-ਘੱਟ ਸੰਭਵ ਮੁੱਲ ਪਤਾ ਕਰੋ।

**Ans**
- ✗ A. 4
- ✗ B. 7
- ✗ C. 10
- ✓ D. 1

**Q.15** ਸੰਖਿਆਵਾਂ 5, 2x, 14, 18, 21 ਦੀ ਮੱਧਿਕਾ 14 ਹੈ। ਜੇਕਰ x ਧਨਾਤਮਕ ਸੰਪੂਰਨ ਸੰਖਿਆ ਹੈ, ਤਾਂ x ਦੇ ਸੰਭਾਵਿਤ ਮੁੱਲਾਂ ਦੀ ਸੰਖਿਆ ਕਿੰਨੀ ਹੋਵੇਗੀ?

**Ans**
- ✗ A. 5
- ✓ B. 7
- ✗ C. 4
- ✗ D. 3

**Q.16** ਦੋ ਪਾਈਪ, ਪਾਈਪ A ਅਤੇ ਪਾਈਪ B, ਇੱਕ ਟੈਂਕ ਨੂੰ ਕ੍ਰਮਵਾਰ 8 ਘੰਟੇ ਅਤੇ 12 ਘੰਟੇ ਵਿੱਚ ਭਰ ਸਕਦੇ ਹਨ। ਜੇਕਰ ਦੋਵੇਂ ਪਾਈਪ ਇਕੱਠੇ ਖੋਲ੍ਹੇ ਜਾਣ, ਤਾਂ ਟੈਂਕ ਕਿੰਨੇ ਘੰਟਿਆਂ ਵਿੱਚ ਭਰ ਜਾਵੇਗਾ?

**Ans**
- ✓ A. 4.8 ਘੰਟੇ
- ✗ B. 10.6 ਘੰਟੇ
- ✗ C. 5.5 ਘੰਟੇ
- ✗ D. 6.4 ਘੰਟੇ

**Q.17** ਇੱਕ ਆਇਤਾਕਾਰ ਟੈਂਕ ਦੀ ਲੰਬਾਈ ਅਤੇ ਚੌੜਾਈ ਅਜਿਹੀ ਹੈ ਕਿ ਜਦੋਂ ਹਰੇਕ ਵਿੱਚ 6 m ਦਾ ਵਾਧਾ ਕੀਤਾ ਜਾਂਦਾ ਹੈ, ਤਾਂ ਉਹਨਾਂ ਦਾ ਅਨੁਪਾਤ 7 : 5 ਹੋ ਜਾਂਦਾ ਹੈ। ਜਦੋਂ ਹਰੇਕ ਵਿੱਚੋਂ 8 m ਘਟਾਇਆ ਜਾਂਦਾ ਹੈ, ਤਾਂ ਉਹਨਾਂ ਦਾ ਅਨੁਪਾਤ 1 : 3 ਹੋ ਜਾਂਦਾ ਹੈ। ਟੈਂਕ ਦੀ ਚੌੜਾਈ ਪਤਾ ਕਰੋ।

**Ans**
- ✓ A. 2.75 ਮੀਟਰ
- ✗ B. 2.50 ਮੀਟਰ
- ✗ C. 2.25 ਮੀਟਰ
- ✗ D. 3.00 ਮੀਟਰ

**Q.18** ₹2,500 ਦੇ ਮੂਲਧਨ 'ਤੇ 18% ਸਾਲਾਨਾ ਦਰ ਨਾਲ, ਮਿਸ਼ਰਤ ਵਿਆਜ, ਜਿਸਦੀ ਗਣਨਾ ਸਾਲਾਨਾ ਤੌਰ 'ਤੇ ਕੀਤੀ ਜਾਂਦੀ ਹੈ, 2 ਸਾਲਾਂ ਬਾਅਦ ਪ੍ਰਾਪਤ ਹੋਣ ਵਾਲੀ ਕੁੱਲ ਧਨਰਾਸ਼ੀ ਕਿੰਨੀ ਹੋਵੇਗੀ?

**Ans**
- ✗ A. ₹4198
- ✓ B. ₹3481
- ✗ C. ₹3365
- ✗ D. ₹4116

Blackbook

Get India's No 1 Vocab Preparation App for FREE : **Blackbook : English Vocabulary** GET IT ON Google Play

**Q.19** ਇੱਕ ਟੈਂਕ ਵਿੱਚ ਦੋ ਇਨਲੈੱਟ A ਅਤੇ B ਅਤੇ ਇੱਕ ਆਊਟਲੈੱਟ ਪਾਈਪ C ਲੱਗਿਆ ਹੋਇਆ ਹੈ। ਇਕੱਲਾ ਪਾਈਪ A ਟੈਂਕ ਨੂੰ 12 ਘੰਟਿਆਂ ਵਿੱਚ ਪੂਰੀ ਤਰ੍ਹਾਂ ਭਰ ਸਕਦਾ ਹੈ, ਜਦੋਂ ਕਿ ਇਕੱਲਾ ਪਾਈਪ B ਇਸਨੂੰ 18 ਘੰਟਿਆਂ ਵਿੱਚ ਭਰ ਸਕਦਾ ਹੈ। ਦੂਜੇ ਪਾਸੇ, ਪਾਈਪ C ਪੂਰੇ ਭਰੇ ਹੋਏ ਟੈਂਕ ਨੂੰ 36 ਘੰਟਿਆਂ ਵਿੱਚ ਖਾਲੀ ਕਰ ਸਕਦਾ ਹੈ। ਸ਼ੁਰੂ ਵਿੱਚ, ਤਿੰਨਾਂ ਪਾਈਪਾਂ ਨੂੰ ਇੱਕੋ ਸਮੇਂ ਖੋਲ੍ਹਿਆ ਜਾਂਦਾ ਹੈ। 4 ਘੰਟੇ ਚੱਲਣ ਤੋਂ ਬਾਅਦ, ਆਊਟਲੈੱਟ ਪਾਈਪ C ਨੂੰ ਬੰਦ ਕਰ ਦਿੱਤਾ ਜਾਂਦਾ ਹੈ, ਜਦੋਂ ਕਿ ਇਨਲੈੱਟ ਪਾਈਪ A ਅਤੇ B ਚੱਲਦੇ ਰਹਿੰਦੇ ਹਨ। ਟੈਂਕ ਨੂੰ ਪੂਰੀ ਤਰ੍ਹਾਂ ਭਰਨ ਲਈ ਕਿੰਨੇ ਵਾਧੂ ਸਮੇਂ (ਘੰਟਿਆਂ ਵਿੱਚ) ਦੀ ਲੋੜ ਹੋਵੇਗੀ?

**Ans**
- ✔ A. 4
- ✗ B. 5
- ✗ C. 6
- ✗ D. 3

**Q.20** ਇੱਕ ਵੰਡ ਵਿੱਚ, ਬਹੁਲਕ 18 ਹੈ ਅਤੇ ਮੱਧਮਾਨ 22 ਹੈ। ਮੱਧਿਕਾ ਪਤਾ ਕਰੋ। (ਦਸ਼ਮਲਵ ਦੇ ਠੀਕ 2 ਸਥਾਨਾਂ ਤੱਕ।)

**Ans**
- ✔ A. 20.67
- ✗ B. 21.00
- ✗ C. 21.33
- ✗ D. 20.33

**Q.21** $\frac{\sin\theta}{\sec\theta+\tan\theta-1}+\frac{\cos\theta}{\operatorname{cosec}\theta+\cot\theta-1}$ ਦਾ ਮੁੱਲ ਪਤਾ ਕਰੋ।

**Ans**
- ✔ A. 1
- ✗ B. - 1
- ✗ C. 2
- ✗ D. 0

**Q.22** ਜੇਕਰ k ਦਾ 20%, 25 ਦੇ 1200% ਤੋਂ 10 ਘੱਟ ਹੈ, ਤਾਂ k ਪਤਾ ਕਰੋ।

**Ans**
- ✔ A. 1450
- ✗ B. 1410
- ✗ C. 1430
- ✗ D. 1490

**Q.23** $\frac{2\sin^2 A-\sin^4 A+\cos^4 A}{3\sin^4 A-2\sin^6 A+3\cos^4 A-2\cos^6 A}$ ਨੂੰ ਸਰਲ ਕਰੋ।

**Ans**
- ✔ A. 1
- ✗ B. secA
- ✗ C. −1
- ✗ D. sinA

**Q.24** ਜੇਕਰ x : 12 = 5 : 6 ਹੈ, ਤਾਂ x ਦਾ ਮੁੱਲ ਪਤਾ ਕਰੋ?

**Ans**
- ✗ A. 14
- ✔ B. 10
- ✗ C. 12
- ✗ D. 8

**Q.25** ਇੱਕ ਕਾਰ ਕਿਸੇ ਦੂਰੀ ਦਾ ਇੱਕ-ਤਿਹਾਈ ਹਿੱਸਾ 30 km/h ਦੀ ਚਾਲ ਨਾਲ, ਦੂਜਾ ਇੱਕ-ਤਿਹਾਈ ਹਿੱਸਾ 60 km/h ਦੀ ਚਾਲ ਨਾਲ ਅਤੇ ਬਾਕੀ ਬਚਿਆ ਇੱਕ-ਤਿਹਾਈ ਹਿੱਸਾ 90 km/h ਦੀ ਚਾਲ ਨਾਲ ਤੈਅ ਕਰਦੀ ਹੈ। ਕਾਰ ਦੀ ਔਸਤ ਚਾਲ (km/h ਵਿੱਚ) ਪਤਾ ਕਰੋ।

**Ans**
- ✗ A. 536/11
- ✗ B. 545/11
- ✗ C. 548/11
- ✔ D. 540/11

Section : **General Intelligence and Reasoning**

Get India's No 1 Vocab Preparation App for FREE : Blackbook : English Vocabulary
GET IT ON Google Play

Q.26 ਜੇਕਰ '+' ਅਤੇ '-' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ ਅਤੇ 'x' ਅਤੇ '÷' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ '?' ਦੇ ਸਥਾਨ 'ਤੇ ਕੀ ਆਵੇਗਾ?
105 – 90 × 6 ÷ 3 + 110 = ?

Ans
- ✔ A. 40
- ✘ B. 42
- ✘ C. 45
- ✘ D. 44

Q.27 ਦਿੱਤੀ ਗਈ ਲੜੀ ਨੂੰ ਤਰਕਸੰਗਤ ਤੌਰ 'ਤੇ ਪੂਰਾ ਕਰਨ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਅੱਖਰ-ਸਮੂਹ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਆਵੇਗਾ?

DGJL GJMO ? MPSU PSVX

Ans
- ✔ A. JMPR
- ✘ B. JMPS
- ✘ C. JMRP
- ✘ D. JMSP

Q.28 ਸੱਤ ਵਿਅਕਤੀ L, M, N, O, X, Y ਅਤੇ Z ਇੱਕ ਕਤਾਰ ਵਿੱਚ, ਉੱਤਰ ਵੱਲ ਮੁੱਖ ਕਰਕੇ ਬੈਠੇ ਹਨ। N, Y ਦੇ ਖੱਬੇ ਪਾਸੇ ਤੀਜੇ ਸਥਾਨ 'ਤੇ ਬੈਠਾ ਹੈ। O, N ਦੇ ਖੱਬੇ ਪਾਸੇ ਦੂਜੇ ਸਥਾਨ 'ਤੇ ਬੈਠਾ ਹੈ। X, Z ਦੇ ਠੀਕ ਨਾਲ ਸੱਜੇ ਪਾਸੇ ਬੈਠਾ ਹੈ। X ਅਤੇ L ਦੇ ਵਿਚਕਾਰ ਤਿੰਨ ਤੋਂ ਵੱਧ ਵਿਅਕਤੀ ਬੈਠੇ ਹਨ। O ਅਤੇ N ਦੇ ਠੀਕ ਵਿਚਕਾਰ ਕੌਣ ਬੈਠਾ ਹੈ?

Ans
- ✘ A. L
- ✘ B. X
- ✔ C. M
- ✘ D. Z

Q.29 ਅੰਗਰੇਜ਼ੀ ਵਰਨਮਾਲਾ ਦੇ ਆਧਾਰ 'ਤੇ, ਹੇਠ ਦਿੱਤੇ ਚਾਰ ਅੱਖਰ-ਸਮੂਹਾਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਲਈ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਅੱਖਰ ਸਮੂਹ ਉਸ ਸਮੂਹ ਨਾਲ ਅਸੰਗਤ ਹੈ?
(ਨੋਟ: ਅਸੰਗਤ, ਅੱਖਰ-ਸਮੂਹ ਵਿੱਚ ਵਿਅੰਜਨਾਂ/ਸਵਰਾਂ ਦੇ ਸੰਖਿਆ ਜਾ ਉਹਨਾਂ ਦੇ ਸਥਾਨ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ ਹੈ।)

Ans
- ✘ A. OMI
- ✔ B. SPM
- ✘ C. MKG
- ✘ D. GEA

Q.30 ਜੇਕਰ ਸ਼ਬਦ SKYLINE ਦੇ ਹਰੇਕ ਅੱਖਰ ਨੂੰ ਵਰਣਮਾਲਾ ਦੇ ਕ੍ਰਮ ਅਨੁਸਾਰ ਵਿਵਸਥਿਤ ਕੀਤਾ ਜਾਵੇ, ਤਾਂ ਕਿੰਨੇ ਅੱਖਰਾਂ ਦਾ ਸਥਾਨ ਅਪਰਿਵਰਤਿਤ ਰਹੇਗਾ?

Ans
- ✘ A. ਤਿੰਨ
- ✘ B. ਦੋ
- ✔ C. ਇੱਕ
- ✘ D. ਕੋਈ ਨਹੀਂ

Q.31 ਮਿਸਟਰ Z ਬਿੰਦੂ Y ਤੋਂ ਸ਼ੁਰੂ ਕਰਦੇ ਹੋਏ 3 km ਦੱਖਣ ਵੱਲ ਗੱਡੀ ਚਲਾਉਂਦਾ ਹੈ। ਫਿਰ ਉਹ ਖੱਬੇ ਮੁੜਦਾ ਹੈ ਅਤੇ 6 km ਚਲਾਉਂਦਾ ਹੈ, ਫਿਰ ਖੱਬੇ ਮੁੜਦਾ ਹੈ ਅਤੇ 9 km ਚਲਾਉਂਦਾ ਹੈ। ਫਿਰ ਉਹ ਖੱਬੇ ਮੁੜਦਾ ਹੈ ਅਤੇ 15 km ਗੱਡੀ ਚਲਾਉਂਦਾ ਹੈ। ਉਹ ਆਖਰੀ ਵਾਰ ਖੱਬੇ ਮੁੜਦਾ ਹੈ, 6 km ਚਲਾਉਂਦਾ ਹੈ ਅਤੇ ਬਿੰਦੂ Z 'ਤੇ ਰੁਕ ਜਾਂਦਾ ਹੈ। ਬਿੰਦੂ Y 'ਤੇ ਦੁਬਾਰਾ ਪਹੁੰਚਣ ਲਈ ਉਹਨਾਂ ਨੂੰ ਕਿੰਨੀ ਦੂਰੀ (ਘੱਟੋ-ਘੱਟ ਦੂਰੀ) ਅਤੇ ਕਿਸ ਦਿਸ਼ਾ ਵਿੱਚ ਗੱਡੀ ਚਲਾਉਣੀ ਚਾਹੀਦੀ ਹੈ? (ਜਦੋਂ ਤੱਕ ਨਿਰਧਾਰਿਤ ਨਹੀਂ ਕੀਤਾ ਜਾਂਦਾ, ਸਾਰੇ ਮੋੜ ਸਿਰਫ਼ 90 ਡਿਗਰੀ ਦੇ ਮੋੜ ਹਨ)

Ans
- ✘ A. 7 km ਦੱਖਣ ਵੱਲ
- ✔ B. 9 km ਪੂਰਬ ਵੱਲ
- ✘ C. 5 km ਪੂਰਬ ਵੱਲ
- ✘ D. 2 km ਉੱਤਰ ਵੱਲ

Blackbook

Get India's No 1 Vocab Preparation App for FREE : Blackbook : English Vocabulary
GET IT ON Google Play

Q.32 ਦਿੱਤੀ ਗਈ ਲੜੀ ਵਿੱਚ '?' ਦੀ ਥਾਂ ਕੀ ਆਉਣਾ ਚਾਹੀਦਾ ਹੈ?
28, 32, 40, 52, 68 ?

Ans
- ❌ A. 87
- ❌ B. 89
- ✔ C. 88
- ❌ D. 86

Q.33 ਉਸ ਜੋੜੇ ਦੀ ਚੋਣ ਕਰੋ ਜੋ ਉਸੇ ਪੈਟਰਨ ਦੀ ਪਾਲਣਾ ਕਰਦਾ ਹੈ ਜਿਸਦੀ ਪਾਲਣਾ ਹੇਠਾਂ ਦਿੱਤੇ ਜੋੜਿਆਂ ਦੇ ਦੋਵਾਂ ਸਮੂਹਾਂ ਦੁਆਰਾ ਕੀਤੀ ਜਾਂਦੀ ਹੈ। ਦੋਵੇਂ ਜੋੜੇ ਇੱਕੋ ਪੈਟਰਨ ਦੀ ਪਾਲਣਾ ਕਰਦੇ ਹਨ।
SUX–TVY
GIL–HJM

Ans
- ✔ A. TVY–UWZ
- ❌ B. TUW–UWZ
- ❌ C. TUW–TVY
- ❌ D. TVY–TWY

Q.34 ਇਸ ਪ੍ਰਸ਼ਨ ਵਿੱਚ, ਸੰਖਿਆਵਾਂ/ਚਿੰਨ੍ਹਾਂ ਦੇ ਇੱਕ ਸਮੂਹ ਨੂੰ ਹੇਠਾਂ ਦਿੱਤੇ ਗਏ ਕੋਡ ਅਤੇ ਇਸ ਤੋਂ ਬਾਅਦ ਦੀਆਂ ਸ਼ਰਤਾਂ ਅਨੁਸਾਰ ਅੱਖਰ ਕੋਡਾਂ ਦੀ ਵਰਤੋਂ ਕਰਕੇ ਕੋਡਬੱਧ ਕੀਤਾ ਗਿਆ ਹੈ। ਸ਼ਰਤਾਂ ਦੇ ਅਨੁਸਾਰ ਕੋਡਾਂ ਦਾ ਸਹੀ ਸੁਮੇਲ ਹੀ ਤੁਹਾਡਾ ਉੱਤਰ ਹੈ। ਜੇਕਰ ਕੋਈ ਵੀ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਹੈ, ਤਾਂ ਸੰਬੰਧਿਤ ਸੰਖਿਆ/ਚਿੰਨ੍ਹ ਲਈ ਕੋਡਾਂ ਦੀ ਪਾਲਣਾ ਸਾਰਣੀ ਵਿੱਚ ਦਿੱਤੇ ਅਨੁਸਾਰ ਸਿੱਧੇ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ।

| ਸੰਖਿਆ/ਚਿੰਨ੍ਹ | 4 | @ | 1 | # | 8 | % | 3 | & | 6 | $ | 2 | + | 9 | 5 |
|---|---|---|---|---|---|---|---|---|---|---|---|---|---|---|
| ਕੋਡ | J | M | H | T | A | P | K | F | B | R | D | U | L | Q |

ਸ਼ਰਤਾਂ –
(i) ਜੇਕਰ ਪਹਿਲਾ ਅਤੇ ਆਖਰੀ ਤੱਤ ਸੰਖਿਆਵਾਂ ਹਨ ਅਤੇ ਪਹਿਲਾ ਤੱਤ, ਆਖਰੀ ਤੱਤ ਨਾਲੋਂ ਛੋਟੀ ਸੰਖਿਆ ਹੈ, ਤਾਂ ਪਹਿਲੇ ਤੱਤ ਨੂੰ ਆਖਰੀ ਤੱਤ ਦੇ ਕੋਡ ਨਾਲ ਕੋਡਬੱਧ ਕੀਤਾ ਜਾਣਾ ਚਾਹੀਦਾ ਹੈ।
(ii) ਜੇਕਰ ਦੂਜਾ ਅਤੇ ਚੌਥਾ ਤੱਤ ਚਿੰਨ੍ਹ ਹਨ, ਤਾਂ ਦੂਜੇ ਅਤੇ ਚੌਥੇ ਤੱਤਾਂ ਦੇ ਕੋਡਾਂ ਆਪਸ ਵਿੱਚ ਬਦਲਿਆ ਜਾਣਾ ਚਾਹੀਦਾ ਹੈ|
(iii) ਜੇਕਰ ਤੀਜਾ ਤੱਤ ਇੱਕ ਟਾਂਕ ਸੰਖਿਆ ਹੈ, ਤਾਂ ਤੀਜੇ ਤੱਤ ਨੂੰ © ਵਜੋਂ ਕੋਡਬੱਧ ਕੀਤਾ ਜਾਣਾ ਚਾਹੀਦਾ ਹੈ।

ਹੇਠਾਂ ਦਿੱਤੀਆਂ ਸੰਖਿਆਵਾਂ ਦੇ ਸਮੂਹ ਲਈ ਕੋਡ ਕੀ ਹੈ?
28369

Ans
- ❌ A. DAKBL
- ❌ B. LAKBD
- ✔ C. LA © BL
- ❌ D. LAKBL

Q.35 A, B, C, D, E ਅਤੇ F ਇੱਕੋ ਇਮਾਰਤ ਦੀਆਂ ਛੇ ਵੱਖ-ਵੱਖ ਮੰਜ਼ਿਲਾਂ 'ਤੇ ਰਹਿੰਦੇ ਹਨ। ਇਮਾਰਤ ਵਿੱਚ ਸਭ ਤੋਂ ਹੇਠਲੀ ਮੰਜ਼ਿਲ ਦਾ ਨੰਬਰ 1 ਹੈ, ਉਸ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 2 ਹੈ ਅਤੇ ਇਸੇ ਕ੍ਰਮ ਵਿੱਚ ਚਲਦੇ ਹੋਏ ਅਗਲੀਆਂ ਮੰਜ਼ਿਲਾਂ ਸਮੇਤ ਸਭ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 6 ਹੈ।
D ਅਤੇ C ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਗੁਣਨਫਲ 10 ਹੈ। A, E ਦੇ ਠੀਕ ਉੱਪਰ ਰਹਿੰਦਾ ਹੈ। B ਅਤੇ D ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਜੋੜ 11 ਹੈ।
A ਅਤੇ C ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਗੁਣਨਫਲ ਕਿੰਨਾ ਹੈ?

Ans
- ❌ A. 6
- ❌ B. 2
- ❌ C. 4
- ✔ D. 8

Q.36 ਹੇਠਾਂ ਦਿੱਤੀ ਗਈ ਲੜੀ ਦੇ ਹਵਾਲੇ ਨਾਲ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ।
(ਖੱਬਾ) I T A H K I J B A S I K P A H C L E F I R A H (ਸੱਜਾ)

ਇਸ ਲੜੀ ਦੇ ਸੱਜੇ ਪਾਸੇ ਤੋਂ ਸੱਤਵੇਂ ਅੱਖਰ ਅਤੇ ਖੱਬੇ ਪਾਸੇ ਤੋਂ ਤੀਜੇ ਅੱਖਰ ਦੇ ਵਿਚਕਾਰ ਅੰਗਰੇਜ਼ੀ ਵਰਣਮਾਲਾ ਦੇ ਕਿੰਨੇ ਅੱਖਰ ਆਉਂਦੇ ਹਨ?

Ans
- ❌ A. ਨੌਂ
- ❌ B. ਗਿਆਰਾਂ
- ✔ C. ਦਸ
- ❌ D. ਬਾਰਾਂ

Blackbook

Get India's No 1 Vocab Preparation App for FREE : Blackbook : English Vocabulary GET IT ON Google Play

Q.37 8 ਇੱਕ ਖਾਸ ਤਰਕ ਦੇ ਅਨੁਸਾਰ 63 ਨਾਲ ਸਬੰਧਿਤ ਹੈ। ਉਸੇ ਤਰਕ ਦੀ ਪਾਲਣਾ ਕਰਦੇ ਹੋਏ, 10 ਦਾ ਸਬੰਧ 99 ਨਾਲ ਹੈ। ਉਸੇ ਤਰਕ ਦੀ ਪਾਲਣਾ ਕਰਦੇ ਹੋਏ, 12 ਹੇਠ ਲਿਖਿਆਂ ਵਿੱਚੋਂ ਕਿਸ ਨਾਲ ਸਬੰਧਿਤ ਹੈ?
(ਨੋਟ : ਸੰਖਿਆਵਾਂ ਨੂੰ ਇਸਦੇ ਘਟਕ ਅੰਕਾਂ ਵਿੱਚ ਵੱਖ ਕੀਤੇ ਬਿਨ੍ਹਾਂ, ਗਣਿਤਕ ਕਿਰਿਆਵਾਂ ਸੰਪੂਰਨ ਸੰਖਿਆਵਾਂ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। 13 ਨੂੰ ਉਦਾਹਰਨ ਵਜੋਂ ਲੈਂਦੇ ਹੋਏ, 13 ਉੱਤੇ ਗਣਿਤਕ ਕਿਰਿਆਵਾਂ ਜਿਵੇਂ ਜੋੜ/ ਘਟਾਓ/ ਗੁਣਾਂ ਆਦਿ 13 ਉੱਤੇ ਹੀ ਕੀਤੀਆਂ ਜਾ ਸਕਦੀਆਂ ਹਨ। 13 ਨੂੰ 1 ਅਤੇ 3 ਵਿੱਚ ਵੱਖ ਕਰਨਾ ਅਤੇ ਫ਼ਿਰ 1 ਅਤੇ 3 ਉੱਤੇ ਗਣਿਤਕ ਕਿਰਿਆਵਾਂ ਕਰਨ ਦੀ ਇਜਾਜ਼ਤ ਨਹੀਂ ਹੈ।)

Ans
- ✔ A. 143
- ✘ B. 144
- ✘ C. 145
- ✘ D. 146

Q.38 ਜੇਕਰ '+' ਅਤੇ '-' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ ਅਤੇ 'x' ਅਤੇ '÷' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ '?' ਦੇ ਸਥਾਨ 'ਤੇ ਕੀ ਆਵੇਗਾ?
231 ÷ 3 - 721 x 7 + 24 = ?

Ans
- ✘ A. 774
- ✔ B. 772
- ✘ C. 771
- ✘ D. 773

Q.39 ਜੇਕਰ ਸ਼ਬਦ COMPUTE ਦੇ ਹਰੇਕ ਸਵਰ ਨੂੰ ਅੰਗਰੇਜ਼ੀ ਵਰਣਮਾਲਾ ਦੇ ਉਸ ਤੋਂ ਠੀਕ ਬਾਅਦ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ ਅਤੇ ਹਰੇਕ ਵਿਅੰਜਨ ਨੂੰ ਅੰਗਰੇਜ਼ੀ ਵਰਣਮਾਲਾ ਦੇ ਉਸ ਤੋਂ ਠੀਕ ਪਹਿਲਾਂ ਵਾਲੇ ਅੱਖਰ ਨਾਲ ਬਦਲ ਦਿੱਤਾ ਜਾਵੇ, ਤਾਂ ਇਸ ਤਰ੍ਹਾਂ ਬਣੇ ਅੱਖਰਾਂ ਦੇ ਨਵੇਂ ਸਮੂਹ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਅੱਖਰ ਖੱਬੇ ਪਾਸੇ ਤੋਂ ਚੌਥਾ ਹੋਵੇਗਾ?

Ans
- ✘ A. J
- ✔ B. O
- ✘ C. P
- ✘ D. H

Q.40 ਕਿਸੇ ਖਾਸ ਕੋਡ ਭਾਸ਼ਾ ਵਿੱਚ, 'TERM' ਨੂੰ '3812' ਅਤੇ 'RATE' ਨੂੰ '1438' ਵਜੋਂ ਕੋਡਬੱਧ ਕੀਤਾ ਗਿਆ ਹੈ। ਦਿੱਤੀ ਗਈ ਕੋਡ ਭਾਸ਼ਾ ਵਿੱਚ 'A' ਲਈ ਕੋਡ ਕੀ ਹੋਵੇਗਾ?

Ans
- ✘ A. 2
- ✘ B. 1
- ✔ C. 4
- ✘ D. 3

Q.41 ਹੇਠਾਂ ਦਿੱਤੀ ਗਈ ਅੱਖਰ ਲੜੀ ਦੇ ਹਵਾਲੇ ਨਾਲ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। ਗਣਨਾ ਸਿਰਫ਼ ਖੱਬੇ ਤੋਂ ਸੱਜੇ ਪਾਸੇ ਵੱਲ ਹੀ ਕੀਤੀ ਜਾਣੀ ਚਾਹੀਦੀ ਹੈ।

(ਖੱਬਾ) E S Y C X Z O W Y O N F H G U K M H G U K T V A Q E F I H G K (ਸੱਜਾ)

ਇਸ ਲੜੀ ਵਿੱਚ ਅਜਿਹੇ ਕਿੰਨੇ ਵਿਅੰਜਨ ਹਨ, ਜਿਨ੍ਹਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਸਵਰ ਹੈ ਅਤੇ ਠੀਕ ਬਾਅਦ ਵੀ ਇੱਕ ਸਵਰ ਹੈ?

Ans
- ✘ A. ਇੱਕ
- ✘ B. ਕੋਈ ਨਹੀਂ
- ✘ C. ਤਿੰਨ
- ✔ D. ਦੋ

Q.42 ਜੇਕਰ '+' ਅਤੇ '×' ਨੂੰ ਆਪਸ ਵਿੱਚ '-' ਅਤੇ '÷' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ '?' ਦੇ ਸਥਾਨ 'ਤੇ ਕੀ ਆਵੇਗਾ?
7 × 32 - 4 + 5 ÷ 12 = ?

Ans
- ✘ A. 63
- ✘ B. 17
- ✘ C. 87
- ✔ D. 35

Blackbook

Get India's No 1 Vocab Preparation App for FREE : **Blackbook : English Vocabulary**
GET IT ON Google Play

Q.43 ਇਸ ਪ੍ਰਸ਼ਨ ਵਿੱਚ, ਇੱਕ ਪ੍ਰਸ਼ਨ ਤੋਂ ਬਾਅਦ ਦੋ ਕਥਨ (I) ਅਤੇ (II) ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡਾਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ। ਦੋਵਾਂ ਕਥਨਾਂ ਨੂੰ ਪੜ੍ਹੋ ਅਤੇ ਸਹੀ ਉੱਤਰ ਦਿਓ।

ਪ੍ਰਸ਼ਨਃ
ਪੰਜ ਪ੍ਰੋਜੈਕਟ – ਓਰੀਅਨ, ਨਿੰਬਸ, ਵਰਟੈਕਸ, ਪਲਸ ਅਤੇ ਜ਼ੈਨਿਥ – ਇੱਕੋ ਹਫ਼ਤੇ ਦੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਵੱਖ-ਵੱਖ ਦਿਨਾਂ ਵਿੱਚ ਪੂਰੇ ਕੀਤੇ ਗਏ ਸਨ। 'ਪਲਸ' ਪ੍ਰੋਜੈਕਟ ਕਿਸ ਦਿਨ ਪੂਰਾ ਹੋਇਆ ਸੀ?
ਕਥਨ:
(I) ਪਲਸ ਪ੍ਰੋਜੈਕਟ, ਜ਼ੈਨਿਥ ਤੋਂ ਇੱਕ ਦਿਨ ਪਹਿਲਾਂ ਪੂਰਾ ਹੋਇਆ ਸੀ।
(II) ਜ਼ੈਨਿਥ ਪ੍ਰੋਜੈਕਟ ਸ਼ੁੱਕਰਵਾਰ ਨੂੰ ਪੂਰਾ ਹੋਇਆ ਸੀ।

Ans
❌ A. ਕਥਨ I ਅਤੇ II ਵਿੱਚਲਾ ਡਾਟਾ ਦੋਨੋਂ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਨਹੀਂ ਹਨ
✔ B. ਕਥਨ I ਅਤੇ II ਦੋਵੇਂ ਇਕੱਠੇ (ਅਤੇ ਇਕੱਲੇ ਕਥਨ I ਜਾਂ ਕਥਨ II ਨਹੀਂ) ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਹਨ
❌ C. ਕਥਨ I ਵਿੱਚਲਾ ਡਾਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਹੈ ਜਦੋਂ ਕਿ ਕਥਨ II ਵਿੱਚਲਾ ਡਾਟਾ ਕਾਫੀ ਨਹੀਂ ਹੈ
❌ D. ਕਥਨ II ਵਿੱਚਲਾ ਡਾਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫੀ ਹੈ ਜਦੋਂ ਕਿ ਕਥਨ I ਵਿੱਚਲਾ ਡਾਟਾ ਕਾਫੀ ਨਹੀਂ ਹੈ

Q.44 GDSV ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ ਇੱਕ ਖਾਸ ਤਰੀਕੇ ਨਾਲ LBXT ਨਾਲ ਸੰਬੰਧਿਤ ਹੈ। ਇਸੇ ਤਰ੍ਹਾਂ QZCR, ਦਾ ਸੰਬੰਧ VXHP ਨਾਲ ਹੈ। ਇਸੇ ਤਰਕ ਦੀ ਪਾਲਣਾ ਕਰਦੇ ਹੋਏ, AVMN, ਦਿੱਤੇ ਗਏ ਵਿਕਲਪਾਂ ਵਿੱਚੋਂ ਕਿਸ ਨਾਲ ਸੰਬੰਧਿਤ ਹੈ?

Ans
❌ A. ESQM
✔ B. FTRL
❌ C. GUSK
❌ D. GSQL

Q.45 ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ, ਹੇਠਾਂ ਦਿੱਤੇ ਚਾਰ ਅੱਖਰ-ਸਮੂਹ ਜੋੜਿਆਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਅੱਖਰ-ਸਮੂਹ ਜੋੜਾ ਉਸ ਸਮੂਹ ਨਾਲ ਸੰਬੰਧਿਤ ਨਹੀਂ ਹੈ?
(ਨੋਟ : ਅਸੰਗਤ, ਅੱਖਰ-ਸਮੂਹ ਵਿੱਚ ਵਿਅੰਜਨਾਂ/ਸਵਰਾਂ ਦੀ ਸੰਖਿਆ ਜਾਂ ਉਹਨਾਂ ਦੇ ਸਥਾਨ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ ਹੈ।)

Ans
✔ A. FIE
❌ B. MOL
❌ C. ACZ
❌ D. OQN

Q.46 ਇਸ ਸਵਾਲ ਵਿੱਚ, ਇੱਕ ਸਵਾਲ ਤੋਂ ਬਾਅਦ ਦੋ ਕਥਨ (I) ਅਤੇ (II) ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡਾਟਾ ਪ੍ਰਸ਼ਨ ਦਾ ਜਵਾਬ ਦੇਣ ਲਈ ਕਾਫ਼ੀ ਹੈ। ਦੋਵਾਂ ਕਥਨਾਂ ਨੂੰ ਪੜ੍ਹੋ ਅਤੇ ਸਹੀ ਜਵਾਬ ਦਿਓ।
ਸਵਾਲ :
A, B, C, D ਅਤੇ E ਇੱਕ ਚੱਕਰਾਕਾਰ ਮੇਜ਼ ਦੇ ਦੁਆਲੇ ਉਸਦੇ ਕੇਂਦਰ ਵੱਲ ਮੂੰਹ ਕਰਕੇ ਬੈਠੇ ਹਨ। B ਦੇ ਠੀਕ ਸੱਜੇ ਪਾਸੇ ਕੌਣ ਬੈਠਾ ਹੈ?
ਕਥਨ:
(I) B, A ਦੇ ਠੀਕ ਸੱਜੇ ਪਾਸੇ ਬੈਠਾ ਹੈ। C, E ਦੇ ਠੀਕ ਖੱਬੇ ਪਾਸੇ ਬੈਠਾ ਹੈ।
(II) D, A ਦੇ ਠੀਕ ਸੱਜੇ ਪਾਸੇ ਦੂਜੇ ਸਥਾਨ 'ਤੇ ਬੈਠਾ ਹੈ। C, D ਦੇ ਠੀਕ ਸੱਜੇ ਪਾਸੇ ਬੈਠਾ ਹੈ।

Ans
✔ A. ਕਥਨ I ਅਤੇ II ਵਿੱਚ ਦਿੱਤਾ ਗਿਆ ਡੇਟਾ ਇਕੱਠੇ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ।
❌ B. ਕਥਨ I ਵਿੱਚ ਦਿੱਤਾ ਗਿਆ ਡੇਟਾ ਹੀ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ II ਵਿੱਚ ਦਿੱਤਾ ਗਿਆ ਡੇਟਾ ਕਾਫੀ ਨਹੀਂ ਹੈ।
❌ C. ਕਥਨ I ਅਤੇ II ਵਿੱਚ ਦਿੱਤਾ ਗਿਆ ਡੇਟਾ ਇਕੱਠੇ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਨਹੀਂ ਹੈ।
❌ D. ਕਥਨ II ਵਿੱਚ ਦਿੱਤਾ ਗਿਆ ਡੇਟਾ ਹੀ ਸਵਾਲ ਦਾ ਜਵਾਬ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ I ਵਿੱਚ ਦਿੱਤਾ ਗਿਆ ਡੇਟਾ ਕਾਫੀ ਨਹੀਂ ਹੈ।

Q.47 ਦਿੱਤੀ ਗਈ ਲੜੀ ਵਿੱਚ '?' ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

9 14 21 30 41 ?

Ans
❌ A. 52
❌ B. 49
❌ C. 50
✔ D. 54

Blackbook

Get India's No 1 Vocab Preparation App for FREE : **Blackbook : English Vocabulary**
GET IT ON Google Play

**Q.48** Z, N ਦੀ ਮਾਂ ਹੈ। N, T ਦੀ ਭੈਣ ਹੈ। O, U ਦਾ ਪਿਤਾ ਹੈ। U, T ਦਾ ਪਤੀ ਹੈ। Z ਦਾ O ਨਾਲ ਕੀ ਸੰਬੰਧ ਹੈ?

Ans
- ✗ A. ਮਾਂ
- ✗ B. ਪਤਨੀ ਦੀ ਭੈਣ
- ✗ C. ਭੈਣ
- ✓ D. ਪੁੱਤਰ ਦੀ ਪਤਨੀ ਦੀ ਮਾਂ

**Q.49** ਸੱਤ ਡੱਬੇ, A, B, C, D, G, H ਅਤੇ I, ਇੱਕ ਦੂਜੇ ਦੇ ਉੱਪਰ ਰੱਖੇ ਗਏ ਹਨ, ਪਰ ਜ਼ਰੂਰੀ ਨਹੀਂ ਕਿ ਇਹ ਇਸੇ ਕ੍ਰਮ ਵਿੱਚ ਰੱਖੇ ਗਏ ਹੋਣ।
D ਨੂੰ ਹੇਠਾਂ ਤੋਂ ਦੂਜੇ ਸਥਾਨ 'ਤੇ ਰੱਖਿਆ ਗਿਆ ਹੈ। D ਅਤੇ C ਦੇ ਵਿਚਕਾਰ ਸਿਰਫ਼ ਤਿੰਨ ਡੱਬੇ ਰੱਖੇ ਗਏ ਹਨ। I ਨੂੰ D ਦੇ ਹੇਠਾਂ ਕਿਸੇ ਸਥਾਨ 'ਤੇ ਰੱਖਿਆ ਗਿਆ ਹੈ। ਸਿਰਫ਼ H ਨੂੰ C ਅਤੇ B ਦੇ ਵਿਚਕਾਰ ਰੱਖਿਆ ਗਿਆ ਹੈ। A ਨੂੰ C ਦੇ ਉੱਪਰ ਕਿਸੇ ਸਥਾਨ 'ਤੇ ਰੱਖਿਆ ਗਿਆ ਹੈ।
G ਅਤੇ C ਦੇ ਵਿਚਕਾਰ ਕਿੰਨੇ ਡੱਬੇ ਰੱਖੇ ਗਏ ਹਨ?

Ans
- ✗ A. ਚਾਰ
- ✗ B. ਇੱਕ
- ✓ C. ਦੋ
- ✗ D. ਤਿੰਨ

**Q.50** ਇੱਕ ਖ਼ਾਸ ਕੋਡ ਭਾਸ਼ਾ ਵਿੱਚ, 'chest wife sip' ਨੂੰ 'wv ua nv' ਵਜੋਂ ਕੋਡਬੱਧ ਕੀਤਾ ਜਾਂਦਾ ਹੈ ਅਤੇ 'sip unit ghost' ਨੂੰ 'ef wv ie' ਵਜੋਂ ਕੋਡਬੱਧ ਕੀਤਾ ਜਾਂਦਾ ਹੈ। ਦਿੱਤੀ ਗਈ ਭਾਸ਼ਾ ਵਿੱਚ 'sip' ਨੂੰ ਕਿਸ ਤਰ੍ਹਾਂ ਕੋਡਬੱਧ ਕੀਤਾ ਜਾਵੇਗਾ?

Ans
- ✗ A. nv
- ✗ B. ef
- ✓ C. wv
- ✗ D. ua

Section : **General Science**

**Q.51** ਹੇਠ ਲਿਖਿਆਂ ਵਿੱਚੋਂ ਕਿਹੜਾ ਭਾਰਤੀ ਹਿਮਾਲਿਆ ਵਿੱਚ ਪਾਈ ਜਾਣ ਵਾਲੀ ਭਰਪੂਰ ਜੈਵ-ਵਿਭਿੰਨਤਾ ਦਾ ਮੁੱਖ ਕਾਰਨ ਹੈ?

Ans
- ✗ A. ਦੇਸ਼ ਭਰ ਵਿੱਚ ਮਿੱਟੀ ਦੀ ਇੱਕਸਾਰ ਉਪਜਾਊ ਸ਼ਕਤੀ
- ✗ B. ਵਰਖਾ ਦੀ ਸਮਾਨ ਵੰਡ
- ✗ C. ਕਿਰਿਆਸ਼ੀਲ ਬਨਸਪਤੀ ਅਤੇ ਖੇਤੀ
- ✓ D. ਉਚਾਣ ਅਤੇ ਜਲਵਾਯੂ ਵਿੱਚ ਭਿੰਨਤਾ

**Q.52** ਪਰਮਾਣੂ ਦੀ ਪੁੰਜ ਸੰਖਿਆ ਦੀ ਗਣਨਾ ਵਿੱਚ ਇਲੈਕਟ੍ਰੌਨਾਂ ਨੂੰ ਸ਼ਾਮਲ ਕਿਉਂ ਨਹੀਂ ਕੀਤਾ ਜਾਂਦਾ ਹੈ?

Ans
- ✗ A. ਇਲੈਕਟ੍ਰੌਨ ਪ੍ਰੋਟੋਨਾਂ ਅਤੇ ਨਿਊਟ੍ਰੋਨਾਂ ਨਾਲੋਂ ਭਾਰੀ ਹੁੰਦੇ ਹਨ
- ✗ B. ਇਲੈਕਟ੍ਰੌਨਾਂ ਦੀ ਸੰਖਿਆ ਪ੍ਰੋਟੋਨਾਂ ਅਤੇ ਨਿਊਟ੍ਰੋਨਾਂ ਨਾਲੋਂ ਜ਼ਿਆਦਾ ਹੁੰਦੀ ਹੈ
- ✗ C. ਇਲੈਕਟ੍ਰੌਨ ਸਿਰਫ਼ ਪਰਮਾਣੂ ਦੇ ਚਾਰਜ ਨੂੰ ਨਿਰਧਾਰਤ ਕਰਦੇ ਹਨ
- ✓ D. ਪ੍ਰੋਟੋਨਾਂ ਅਤੇ ਨਿਊਟ੍ਰੋਨਾਂ ਦੀ ਤੁਲਨਾ ਵਿੱਚ ਇਲੈਕਟ੍ਰੌਨਾਂ ਦਾ ਪੁੰਜ ਬਹੁਤ ਘੱਟ ਹੁੰਦਾ ਹੈ

**Q.53** ਜੇਕਰ ਵਸਤੂ ਨੂੰ ਇੱਕ ਉੱਤਲ ਲੈਂਸ ਦੇ ਕੇਂਦਰ 'ਤੇ ਰੱਖਿਆ ਜਾਂਦਾ ਹੈ, ਤਾਂ ਕਿਹੋ ਜਿਹਾ ਪ੍ਰਤਿਬਿੰਬ ਬਣਦਾ ਹੈ?

Ans
- ✗ A. F ਅਤੇ 2F ਦੇ ਵਿਚਕਾਰ, ਵਾਸਤਵਿਕ ਅਤੇ ਉਲਟ
- ✗ B. 2F 'ਤੇ, ਵਾਸਤਵਿਕ ਅਤੇ ਉਸੇ ਆਕਾਰ ਦਾ
- ✓ C. ਅਨੰਤਤਾ 'ਤੇ, ਵਾਸਤਵਿਕ ਅਤੇ ਬਹੁਤ ਵੱਡਾ
- ✗ D. ਅਨੰਤ, ਆਭਾਸੀ ਅਤੇ ਛੋਟਾ

**Q.54** ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਾਖਿਤ ਐਲਕੇਨ (branched alkane) ਨਹੀਂ ਹੈ?

Ans
- ✓ A. N-ਪੈਨਟੇਨ (N-pentane)
- ✗ B. ਨੀਓਪੈਨਟੇਨ (Neopentane)
- ✗ C. ਆਈਸੋਪੈਨਟੇਨ (Isopentane)
- ✗ D. ਆਈਸੋਬਿਊਟੇਨ (Isobutane)

Blackbook

Get India's No 1 Vocab Preparation App for FREE : Blackbook : English Vocabulary
GET IT ON Google Play

**Q.55** ਹੇਠ ਲਿਖਿਆਂ ਵਿੱਚੋਂ ਕਿਹੜੇ ਕਾਰਨ ਕਰਕੇ ਵਿਗਿਆਨੀ ਜੀਵਤ ਜੀਵਾਂ ਦਾ ਵਰਗੀਕਰਨ ਕਰਦੇ ਹਨ?

**Ans**
- ✔ A. ਜੀਵਾਂ ਨੂੰ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦੁਆਰਾ ਸੰਗਠਿਤ ਕਰਨਾ
- ✘ B. ਜੀਵਾਂ ਦੇ ਕੁਦਰਤੀ ਨਿਵਾਸ ਸਥਾਨ ਨੂੰ ਬਦਲਣਾ
- ✘ C. ਇਹ ਯਕੀਨੀ ਬਣਾਉਣ ਲਈ ਕਿ ਸਾਰੀਆਂ ਪ੍ਰਜਾਤੀਆਂ ਇੱਕੋ ਜਿਹੀਆਂ ਹੋ ਜਾਣ
- ✘ D. ਸਾਰੇ ਜੀਵਾਂ ਨੂੰ ਅਨੁਵੰਸ਼ਿਕ ਤੌਰ 'ਤੇ ਸਮਰੂਪ ਬਣਾਉਣਾ

**Q.56** ਇੱਕ ਪ੍ਰਤੀਵਰਤੀ ਚਾਪ ਵਿੱਚ, ਗ੍ਰਾਹੀ ਪਹਿਲਾਂ _____ ਦਾ ਪਤਾ ਲਗਾਉਂਦੀ ਹੈ।

**Ans**
- ✘ A. ਪ੍ਰਭਾਵਕ (Effector)
- ✔ B. ਉਤੇਜਨਾ (Stimulus)
- ✘ C. ਹਾਰਮੋਨ (Hormone)
- ✘ D. ਪ੍ਰਤੀਕਿਰਿਆ (Response)

**Q.57** ਪਰਮਾਣੂ ਵਿੱਚ ਇਲੈਕਟ੍ਰੌਨ ਦਾ ਚਾਰਜ ਅਤੇ ਸਥਾਨ ਕਿਹੜਾ ਹੁੰਦਾ ਹੈ?

**Ans**
- ✘ A. ਧਨਾਤਮਕ, ਨਾਭਿਕ ਦੇ ਅੰਦਰ
- ✘ B. ਰਿਣਾਤਮਕ, ਨਾਭਿਕ ਦੇ ਅੰਦਰ
- ✘ C. ਕੋਈ ਚਾਰਜ ਨਹੀਂ, ਨਾਭਿਕ ਦੇ ਅੰਦਰ
- ✔ D. ਰਿਣਾਤਮਕ, ਨਾਭਿਕ ਦੇ ਬਾਹਰ

**Q.58** ਇੱਕ ਸਮਅੰਗੀ ਮਿਸ਼ਰਣ ਵਿੱਚ ਕਿਸੇ ਸ਼ੁੱਧ ਠੋਸ ਨੂੰ ਇਸਦੇ ਘੋਲ ਤੋਂ ਨਿਖੇੜਨ ਲਈ ਆਮ ਤੌਰ 'ਤੇ ਕਿਹੜੀ ਵਿਧੀ ਵਰਤੀ ਜਾਂਦੀ ਹੈ?

**Ans**
- ✘ A. ਕਸ਼ੀਦਣ (Distillation)
- ✘ B. ਫਿਲਟਰੀਕਰਣ (Filtration)
- ✔ C. ਕ੍ਰਿਸਟਲੀਕਰਣ (Crystallization)
- ✘ D. ਨਿਤਾਰਨ (Decantation)

**Q.59** ਇੱਕ ਬੱਚੇ ਦਾ ਨਿਕਟ ਬਿੰਦੂ 50 cm ਹੈ, ਪਰ ਮਨੁੱਖੀ ਅੱਖ ਲਈ ਸਾਧਾਰਨ ਨਿਕਟ ਬਿੰਦੂ 25 cm ਹੁੰਦਾ ਹੈ। ਬੱਚੇ ਦੇ ਨਿਕਟ ਬਿੰਦੂ ਨੂੰ ਠੀਕ ਕਰਨ ਲਈ ਲੈਂਜ਼ ਦੀ ਲੋੜੀਂਦੀ ਸ਼ਕਤੀ ਕਿੰਨੀ ਹੋਵੇਗੀ?

**Ans**
- ✘ A. -1.0 D
- ✘ B. -2.0 D
- ✔ C. +2.0 D
- ✘ D. +1.0 D

**Q.60** ਨਾੜੀ ਪ੍ਰਣਾਲੀ ਦੇ ਇਕਾਈ ਸੈੱਲ ਨੂੰ _______ ਕਿਹਾ ਜਾਂਦਾ ਹੈ।

**Ans**
- ✘ A. ਮਸਲ ਫਾਈਬਰ (Muscle fibre)
- ✘ B. ਡੈਂਡਰਾਈਟ (Dendrite)
- ✘ C. ਐਕਸੋਨ (Axon)
- ✔ D. ਨਿਊਰੋਨ (Neuron)

**Q.61** ਹੇਠ ਲਿਖਿਆਂ ਵਿਚੋਂ ਪੌਦਿਆਂ ਦੇ ਕਿਹੜੇ ਸਮੂਹ ਵਿੱਚ ਇੱਕ ਹਰੀ ਚਟਾਈ ਵਰਗਾ ਪੌਦਾ ਸ਼ਾਮਲ ਹੈ ਜੋ ਇੱਕ ਨਮੀ ਵਾਲੀ ਕੰਧ 'ਤੇ ਉੱਗਦਾ ਹੈ ਅਤੇ ਜਿਸ ਵਿੱਚ ਅਸਲ ਜੜ੍ਹਾਂ ਅਤੇ ਵਹਿਣੀ ਟਿਸ਼ੂ ਨਹੀਂ ਹੁੰਦੇ ਹਨ?

**Ans**
- ✘ A. ਟੈਰੀਡੋਫਾਇਟਾ (Pteridophyta)
- ✘ B. ਲਾਈਕੇਨ (Lichen)
- ✔ C. ਬ੍ਰਾਇਓਫਾਇਟਾ (Bryophyta)
- ✘ D. ਥੈਲੋਫਾਇਟਾ (Thallophyta)

**Q.62** ਹੇਠ ਲਿਖਿਆਂ ਵਿੱਚੋਂ ਕਿਹੜਾ ਜੀਵਤ ਜੀਵਾਂ ਦੇ ਵਰਗੀਕਰਨ ਦੀ ਵਿਗਿਆਨਕ ਪ੍ਰਣਾਲੀ ਦਾ ਕਾਰਨ ਹੈ?

**Ans**
- ✘ A. ਫਸਲ ਉਤਪਾਦਨ ਵਿੱਚ ਸੁਧਾਰ ਕਰਨਾ
- ✘ B. ਜੀਵਾਂ ਵਿੱਚ ਪ੍ਰਜਣਨ ਨੂੰ ਵਧਾਉਣਾ
- ✔ C. ਜੀਵਾਂ ਦੇ ਨਾਮਕਰਨ ਅਤੇ ਸਮੂਹੀਕਰਨ ਵਿੱਚ ਉਲਝਣ ਤੋਂ ਬਚਣਾ
- ✘ D. ਜੀਵਾਂ ਦੀ ਜੀਵਨ ਅਵਧੀ ਨੂੰ ਮਾਪਣਾ

Blackbook

Get India's No 1 Vocab Preparation App for FREE : Blackbook : English Vocabulary

GET IT ON Google Play

Q.63 ਇੱਕ ਵਿਦਿਆਰਥੀ ਇੱਕ ਅਪਘਟਨ ਪ੍ਰਤੀਕ੍ਰਿਆ ਪ੍ਰੇਖਿਤ ਕਰਦਾ ਹੈ ਜਿੱਥੇ ਇੱਕ ਹਲਕਾ ਪੀਲਾ ਪਾਊਡਰ ਗਰਮ ਕਰਨ 'ਤੇ ਲਾਲ-ਭੂਰੇ ਠੋਸ ਅਤੇ ਇੱਕ ਰੰਗਹੀਣ ਗੈਸ ਵਿੱਚ ਬਦਲ ਜਾਂਦਾ ਹੈ। ਕਿਹੜਾ ਯੋਗਿਕ ਵਰਤਿਆ ਗਿਆ ਸੀ?

Ans
- ✗ A. ਸਿਲਵਰ ਬ੍ਰੋਮਾਈਡ
- ✗ B. ਜ਼ਿੰਕ ਕਾਰਬੋਨੇਟ
- ✗ C. ਪੋਟਾਸ਼ੀਅਮ ਪਰਮੇਂਗਨੇਟ
- ✓ D. ਲੈੱਡ ਨਾਈਟ੍ਰੇਟ

Q.64 ਕਿਹੜਾ ਕਥਨ ਸਭ ਤੋਂ ਵਧੀਆ ਵਰਣਨ ਕਰਦਾ ਹੈ ਕਿ ਈਥੇਨੋਲ ਨੂੰ ਇੱਕ ਮਹੱਤਵਪੂਰਨ ਈਂਧਨ ਕਿਉਂ ਮੰਨਿਆ ਜਾਂਦਾ ਹੈ?

Ans
- ✗ A. ਇਹ ਮੁੱਖ ਤੌਰ 'ਤੇ ਉਦਯੋਗ ਵਿੱਚ ਪਲਾਸਟਿਕ ਬਣਾਉਣ ਲਈ ਵਰਤਿਆ ਜਾਂਦਾ ਹੈ।
- ✓ B. ਇਹ ਸਾਫ਼-ਸੁਥਰੇ ਢੰਗ ਨਾਲ ਬਲਦਾ ਹੈ ਅਤੇ ਬਹੁਤ ਸਾਰੇ ਰਵਾਇਤੀ ਈਂਧਨਾਂ ਦੀ ਤੁਲਨਾ ਵਿੱਚ ਘੱਟ ਧੂੰਆਂ ਪੈਦਾ ਕਰਦਾ ਹੈ।
- ✗ C. ਇਹ ਮੁੱਖ ਤੌਰ 'ਤੇ ਭੋਜਨ ਰੱਖਿਅਕ ਵਜੋਂ ਵਰਤਿਆ ਜਾਂਦਾ ਹੈ।
- ✗ D. ਦੁਨੀਆ ਭਰ ਵਿੱਚ ਵਾਹਨਾਂ ਵਿੱਚ ਵਰਤਿਆ ਜਾਣ ਵਾਲਾ ਇਹ ਇੱਕੋ ਇੱਕ ਤਰਲ ਈਂਧਨ ਹੈ।

Q.65 ਇੱਕ ਸਾਈਕਲ ਸਵਾਰ ਆਪਣੇ ਸਫਰ ਦੇ ਪਹਿਲੇ 6 ਕਿਲੋਮੀਟਰ 20 ਮਿੰਟਾਂ ਵਿੱਚ ਅਤੇ ਅਗਲੇ 9 ਕਿਲੋਮੀਟਰ 30 ਮਿੰਟਾਂ ਵਿੱਚ ਤੈਅ ਕਰਦੀ ਹੈ। ਕਿਲੋਮੀਟਰ ਪ੍ਰਤੀ ਘੰਟਾ (km/h) ਵਿੱਚ ਪੂਰੇ ਸਫਰ ਲਈ ਉਸਦੀ ਔਸਤ ਚਾਲ ਕਿੰਨੀ ਹੋਵੇਗੀ?

Ans
- ✗ A. 15 km/h
- ✓ B. 18 km/h
- ✗ C. 20 km/h
- ✗ D. 12 km/h

Q.66 ਪ੍ਰਿਜ਼ਮ ਇੱਕ ਸਪੈਕਟ੍ਰਮ ਪੈਦਾ ਕਰਦਾ ਹੈ ਜਦੋਂ ਸਫੇਦ ਪ੍ਰਕਾਸ਼ ਇਸ ਵਿੱਚੋਂ ਲੰਘਦਾ ਹੈ। ਜੇਕਰ ਲਾਲ ਪ੍ਰਕਾਸ਼ ਲਈ ਅਪਵਰਤਨ ਅੰਕ 1.50 ਹੈ ਅਤੇ ਜਾਮਨੀ ਪ੍ਰਕਾਸ਼ ਲਈ 1.54 ਹੈ, ਤਾਂ ਇਹ ਪ੍ਰਿਜ਼ਮ ਵਿੱਚ ਵੱਖ-ਵੱਖ ਰੰਗਾਂ ਦੇ ਵਿਵਹਾਰ ਬਾਰੇ ਕੀ ਸੁਝਾਅ ਦਿੰਦਾ ਹੈ?

Ans
- ✗ A. ਦੋਵੇਂ ਰੰਗ ਬਿਨਾਂ ਝੁਕੇ ਸੰਚਾਰ ਕਰਦੇ ਹਨ
- ✗ B. ਲਾਲ ਪ੍ਰਕਾਸ਼, ਜਾਮਨੀ ਪ੍ਰਕਾਸ਼ ਤੋਂ ਵੱਧ ਝੁਕਦਾ ਹੈ
- ✓ C. ਜਾਮਨੀ ਪ੍ਰਕਾਸ਼, ਲਾਲ ਪ੍ਰਕਾਸ਼ ਤੋਂ ਵੱਧ ਝੁਕਦਾ ਹੈ
- ✗ D. ਦੋਵੇਂ ਰੰਗ ਬਰਾਬਰ ਝੁਕਦੇ ਹਨ

Q.67 ਇੱਕ ਅਵਤਲ ਲੈਂਜ ਦੀ ਫੋਕਲ ਲੰਬਾਈ 30 cm ਹੈ। ਵਸਤੂ ਨੂੰ ਲੈਂਜ ਤੋਂ ਕਿੰਨੀ ਦੂਰੀ 'ਤੇ ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਲੈਂਜ ਤੋਂ 20 cm ਦੂਰੀ 'ਤੇ ਇੱਕ ਚਿੱਤਰ ਬਣਾ ਸਕੇ?

Ans
- ✓ A. ਲੈਂਜ ਦੇ ਸਾਹਮਣੇ 60 cm
- ✗ B. ਲੈਂਜ ਦੇ ਸਾਹਮਣੇ 40 cm
- ✗ C. ਲੈਂਜ ਤੋਂ ਪਿੱਛੇ 80 cm
- ✗ D. ਲੈਂਜ ਤੋਂ ਪਿੱਛੇ 20 cm

Q.68 ਅਰਧ-ਵਿਆਸ r ਵਾਲੀ ਇੱਕ ਚੱਕਰਾਕਾਰ ਕੁੰਡਲੀ ਵਿੱਚੋਂ I ਕਰੰਟ ਲੰਘ ਰਿਹਾ ਹੈ। ਜੇਕਰ ਕੁੰਡਲੀ ਦੇ ਫੇਰਿਆਂ ਦੀ ਸੰਖਿਆ ਨੂੰ ਦੁੱਗਣਾ ਕਰ ਦਿੱਤਾ ਜਾਵੇ (ਅਰਧ-ਵਿਆਸ ਅਤੇ ਕਰੰਟ ਨੂੰ ਸਮਾਨ ਰੱਖਦੇ ਹੋਏ), ਤਾਂ ਉਸਦੇ ਕੇਂਦਰ 'ਤੇ ਚੁੰਬਕੀ ਖੇਤਰ ਦਾ ਕੀ ਹੋਵੇਗਾ?

Ans
- ✗ A. ਅਪਰਿਵਰਤਿਤ ਰਹੇਗਾ
- ✗ B. ਅੱਧਾ ਰਹਿ ਜਾਵੇਗਾ
- ✓ C. ਦੁੱਗਣਾ ਹੋ ਜਾਵੇਗਾ
- ✗ D. ਚਾਰ ਗੁਣਾ ਹੋ ਜਾਵੇਗਾ

Q.69 ਕਿਸ ਸਥਿਤੀ ਦੇ ਨਤੀਜੇ ਵਜੋਂ ਸਥਿਰ ਬਲ ਦੁਆਰਾ ਕੀਤਾ ਜਾਣ ਵਾਲਾ ਕਾਰਜ ਜ਼ੀਰੋ ਹੁੰਦਾ ਹੈ?

Ans
- ✗ A. ਬਲ, ਵਿਸਥਾਪਨ ਦੀ ਦਿਸ਼ਾ ਦੇ ਵਿਰੁੱਧ ਕੰਮ ਕਰਦਾ ਹੈ
- ✗ B. ਬਲ, ਗਤੀ ਦੀ ਦਿਸ਼ਾ ਦੇ ਨਿਊਨ ਕੋਣ 'ਤੇ ਕੰਮ ਕਰਦਾ ਹੈ
- ✗ C. ਬਲ, ਗਤੀ ਦੀ ਦਿਸ਼ਾ ਦੇ ਸਮਾਨਾਂਤਰ ਕੰਮ ਕਰਦਾ ਹੈ
- ✓ D. ਬਲ, ਗਤੀ ਦੀ ਦਿਸ਼ਾ ਦੇ ਲੰਬਵਤ ਕੰਮ ਕਰਦਾ ਹੈ

Blackbook

Get India's No 1 Vocab Preparation App for FREE : Blackbook : English Vocabulary
GET IT ON Google Play

**Q.70** ਪ੍ਰਕਾਸ਼ ਦੀ ਇੱਕ ਕਿਰਨ ਹਵਾ ਤੋਂ ਕੱਚ ਦੇ ਪ੍ਰਿਜ਼ਮ ਵਿੱਚ ਦਾਖਲ ਹੁੰਦੀ ਹੈ। ਪ੍ਰਿਜ਼ਮ ਵਿੱਚ ਪ੍ਰਵੇਸ਼ ਕਰਦੇ ਸਮੇਂ ਪ੍ਰਕਾਸ਼ ਦੀ ਚਾਲ ਵਿੱਚ ਕੀ ਬਦਲਾਅ ਆਉਂਦਾ ਹੈ?

**Ans**
- ✗ A. ਕੱਚ ਵਿੱਚ ਪ੍ਰਕਾਸ਼ ਬਹੁਤ ਜ਼ਿਆਦਾ ਤੇਜ਼ੀ ਨਾਲ ਚਲਦਾ ਹੈ
- ✓ B. ਪ੍ਰਿਜ਼ਮ ਅੰਦਰ ਪ੍ਰਕਾਸ਼ ਦੀ ਚਾਲ ਘੱਟ ਜਾਂਦੀ ਹੈ
- ✗ C. ਪ੍ਰਿਜ਼ਮ ਦੇ ਅੰਦਰ ਪ੍ਰਕਾਸ਼ ਦੀ ਚਾਲ ਵਧ ਜਾਂਦੀ ਹੈ
- ✗ D. ਪ੍ਰਕਾਸ਼ ਦੀ ਚਾਲ ਵਿੱਚ ਕੋਈ ਬਦਲਾਅ ਨਹੀਂ ਹੁੰਦਾ

**Q.71** ਇੱਕ ਵਿਅਕਤੀ ਇੱਕ ਭਾਰੀ ਬੈਗ ਨੂੰ ਇਕਸਮਾਨ ਚਾਲ ਨਾਲ ਇੱਕ ਪੱਧਰੇ ਫਰਸ਼ 'ਤੇ ਖਿਤਿਜੀ ਤੌਰ 'ਤੇ ਲਿਜਾ ਰਿਹਾ ਹੈ। ਵਿਅਕਤੀ ਦੁਆਰਾ ਬੈਗ 'ਤੇ ਗਤੀ ਦੀ ਦਿਸ਼ਾ ਵਿੱਚ ਲਗਾਏ ਗਏ ਬਲ ਨਾਲ ਕਿੰਨਾ ਕਾਰਜ ਹੁੰਦਾ ਹੈ?

**Ans**
- ✗ A. ਕੀਤਾ ਗਿਆ ਕਾਰਜ ਰਿਣਾਤਮਕ ਹੈ ਕਿਉਂਕਿ ਬੈਗ ਭਾਰੀ ਹੈ।
- ✗ B. ਕੀਤਾ ਗਿਆ ਕਾਰਜ ਧਨਾਤਮਕ ਹੈ ਕਿਉਂਕਿ ਵਿਅਕਤੀ ਬੈਗ ਨੂੰ ਅੱਗੇ ਲੈ ਕੇ ਜਾਂਦਾ ਹੈ।
- ✗ C. ਕੀਤਾ ਗਿਆ ਕਾਰਜ ਰਿਣਾਤਮਕ ਹੈ ਕਿਉਂਕਿ ਬਲ, ਗਤੀ ਦਾ ਪ੍ਰਤੀਰੋਧ ਕਰਦਾ ਹੈ।
- ✓ D. ਕੀਤਾ ਗਿਆ ਕਾਰਜ ਜ਼ੀਰੋ ਹੈ ਕਿਉਂਕਿ ਬਲ, ਵਿਸਥਾਪਨ ਦੇ ਲੰਬਵਤ ਹੈ।

**Q.72** ਟਿੰਡਲ ਪ੍ਰਭਾਵ ਦੇ ਕਾਰਨ ਇੱਕ ਕੋਲਾਇਡਲ ਘੋਲ ਦੀ ਮੌਜੂਦਗੀ ਦੀ ਪੁਸ਼ਟੀ ਕਰਨ ਲਈ ਕਿਹੜੀ ਵਿਧੀ ਦੀ ਸਭ ਤੋਂ ਵਧੀਆ ਵਰਤੋਂ ਕੀਤੀ ਜਾ ਸਕਦੀ ਹੈ?

**Ans**
- ✗ A. ਫਿਲਟਰ ਪੇਪਰ ਦੀ ਵਰਤੋਂ ਕਰਕੇ ਘੋਲ ਨੂੰ ਫਿਲਟਰ ਕਰਨਾ
- ✗ B. ਘੋਲ ਨੂੰ ਕਈ ਘੰਟਿਆਂ ਲਈ ਬਿਨਾਂ ਹਿਲਾਏ ਸਥਿਰ ਛੱਡ ਦੇਣਾ
- ✗ C. ਘੋਲਕ ਨੂੰ ਵਾਸ਼ਪਿਤ ਕਰਨ ਲਈ ਘੋਲ ਨੂੰ ਗਰਮ ਕਰਨਾ
- ✓ D. ਘੋਲ ਵਿੱਚੋਂ ਪ੍ਰਕਾਸ਼ ਦੀ ਇੱਕ ਕਿਰਨ ਲੰਘਾਉਣਾ ਅਤੇ ਖਿੰਡੇ ਹੋਏ ਪ੍ਰਕਾਸ਼ ਦਾ ਨਿਰੀਖਣ ਕਰਨਾ

**Q.73** ਜਦੋਂ ਇੱਕ ਸਥਿਰ ਲੰਬਾਈ ਦੇ ਸਿੱਧੇ ਚਾਲਕ ਨੂੰ ਇੱਕਸਾਰ ਚੁੰਬਕੀ ਖੇਤਰ ਵਿੱਚ ਰੱਖਿਆ ਜਾਂਦਾ ਹੈ ਅਤੇ ਇਸ ਵਿੱਚੋਂ ਲੰਘਣ ਵਾਲਾ ਕਰੰਟ ਦੁੱਗਣਾ ਹੋ ਜਾਂਦਾ ਹੈ, ਤਾਂ ਚਾਲਕ 'ਤੇ ਲਾਗੂ ਬਲ ਵੀ ਦੁੱਗਣਾ ਹੋ ਜਾਂਦਾ ਹੈ। ਹੇਠ ਲਿਖਿਆਂ ਵਿੱਚੋਂ ਕਿਹੜਾ ਸਿਧਾਂਤ ਇਸ ਸਮਾਨਅਨੁਪਾਤੀ ਸਬੰਧ ਦੀ ਵਿਆਖਿਆ ਕਰਦਾ ਹੈ?

**Ans**
- ✗ A. ਬਲ ਕਰੰਟ ਦੇ ਉਲਟ ਅਨੁਪਾਤੀ ਹੁੰਦਾ ਹੈ
- ✓ B. ਬਲ ਕਰੰਟ ਦੇ ਸਿੱਧਾ ਅਨੁਪਾਤੀ ਹੁੰਦਾ ਹੈ
- ✗ C. ਬਲ ਸਿਰਫ ਚਾਲਕ ਦੀ ਲੰਬਾਈ 'ਤੇ ਨਿਰਭਰ ਕਰਦਾ ਹੈ
- ✗ D. ਬਲ, ਖੇਤਰ ਦੀ ਦਿਸ਼ਾ ਦੁਆਰਾ ਨਿਰਧਾਰਤ ਹੁੰਦਾ ਹੈ

**Q.74** ਰਸਾਇਣਕ ਪ੍ਰਤੀਕ੍ਰਿਆਵਾਂ ਦੌਰਾਨ ਪਰਮਾਣੂ ਵਿੱਚ ਪ੍ਰੋਟੋਨਾਂ ਦੀ ਸੰਖਿਆ ਕਿਉਂ ਨਹੀਂ ਬਦਲਦੀ?

**Ans**
- ✗ A. ਪ੍ਰੋਟੋਨ, ਇਲੈਕਟ੍ਰੋਨਾਂ ਨਾਲ ਮਿਲ ਕੇ ਨਿਊਟ੍ਰੋਨ ਬਣਾਉਂਦੇ ਹਨ
- ✗ B. ਪ੍ਰੋਟੋਨ ਆਸਾਨੀ ਨਾਲ ਦੂਜੇ ਪਰਮਾਣੂਆਂ ਵਿੱਚ ਚਲੇ ਜਾਂਦੇ ਹਨ
- ✗ C. ਪ੍ਰੋਟੋਨ, ਇਲੈਕਟ੍ਰੋਨ ਕਲਾਉਡ ਵਿੱਚ ਰਹਿੰਦੇ ਹਨ
- ✓ D. ਪ੍ਰੋਟੋਨਾਂ ਦਾ ਨਿਊਕਲੀਅਸ ਵਿੱਚ ਬੰਧਨ ਮਜਬੂਤ ਹੁੰਦਾ ਹੈ

**Q.75** ਜੇਕਰ ਕਿਸੇ ਵਸਤੂ 'ਤੇ ਗਤੀ ਦੀ ਦਿਸ਼ਾ ਵਿੱਚ ਸਥਿਰ ਬਲ ਕੰਮ ਕਰਦਾ ਹੈ, ਤਾਂ ਕਾਰਜ-ਊਰਜਾ ਪ੍ਰਮੇਯ ਉਸਦੀ ਗਤਿਜ ਊਰਜਾ ਬਾਰੇ ਕੀ ਦਰਸਾਉਂਦਾ ਹੈ?

**Ans**
- ✗ A.
ਸਿਰਫ਼ ਸਥਿਤਿਜ ਊਰਜਾ ਬਦਲਦੀ ਹੈ।
- ✗ B. ਵਸਤੂ ਦੀ ਗਤਿਜ ਊਰਜਾ ਘਟਦੀ ਹੈ।
- ✓ C. ਵਸਤੂ ਦੀ ਗਤਿਜ ਊਰਜਾ ਵਧਦੀ ਹੈ।
- ✗ D. ਵਸਤੂ ਦੀ ਗਤਿਜ ਊਰਜਾ ਸਮਾਨ ਰਹਿੰਦੀ ਹੈ।

**Q.76** ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਇੱਕ ਨਿਲੰਬਨ (suspension) ਦਾ ਸਹੀ ਵਰਣਨ ਕਰਦਾ ਹੈ?

**Ans**
- ✓ A. ਨਿਲੰਬਨ ਵਿੱਚ ਕਣ ਸਮੇਂ ਦੇ ਨਾਲ ਹੇਠਾਂ ਬੈਠ ਜਾਂਦੇ ਹਨ ਅਤੇ ਫਿਲਟਰੀਕਰਨ ਦੁਆਰਾ ਵੱਖ ਕੀਤੇ ਜਾ ਸਕਦੇ ਹਨ।
- ✗ B. ਨਿਲੰਬਨ ਸਥਿਰ ਹੁੰਦੇ ਹਨ ਅਤੇ ਉਹਨਾਂ ਨੂੰ ਹਿਲਾਉਣ ਦੀ ਲੋੜ ਨਹੀਂ ਹੁੰਦੀ।
- ✗ C. ਇੱਕ ਨਿਲੰਬਨ ਵਿੱਚ ਕਣ ਪ੍ਰਕਾਸ਼ ਖਿੰਡਾਉਂਦੇ ਹਨ ਪਰ ਹੇਠਾਂ ਨਹੀਂ ਬੈਠਦੇ।
- ✗ D. ਨਿਲੰਬਨ ਹਮੇਸ਼ਾ ਅਸਲ ਘੋਲਾਂ ਵਾਂਗ ਪਾਰਦਰਸ਼ੀ ਹੁੰਦੇ ਹਨ।

Blackbook

Get India's No 1 Vocab Preparation App for FREE : Blackbook : English Vocabulary

GET IT ON Google Play

Q.77 ਪ੍ਰਤੀਕਿਰਿਆਸ਼ੀਲਤਾ ਲੜੀ ਵਿੱਚ ਧਾਤਾਂ ਨੂੰ ਉਹਨਾਂ ਦੀ ਕਿਰਿਆਸ਼ੀਲਤਾ ਦੇ ਘਟਦੇ ਕ੍ਰਮ ਵਿੱਚ ਵਿਵਸਥਿਤ ਕੀਤਾ ਜਾਂਦਾ ਹੈ। ਲੜੀ ਦੇ ਸਿਖਰ 'ਤੇ ਸਥਿਤ ਧਾਤ ਕਿਹੜੀ ਹੈ?

Ans
✗ A. ਐਲੂਮੀਨੀਅਮ
✗ B. ਮੈਗਨੀਸ਼ੀਅਮ
✗ C. ਸੋਡੀਅਮ
✓ D. ਪੋਟਾਸ਼ੀਅਮ

Q.78 ਹੇਠ ਲਿਖਿਆਂ ਵਿੱਚੋਂ ਕਿਹੜਾ ਸੂਚਕ, ਤੇਜ਼ਾਬੀ ਘੋਲ ਵਿੱਚ ਲਾਲ ਅਤੇ ਖਾਰੇ ਘੋਲ ਵਿੱਚ ਨੀਲਾ ਹੋ ਜਾਂਦਾ ਹੈ?

Ans
✓ A. ਲਿਟਮਸ
✗ B. ਹਲਦੀ
✗ C. ਮਿਥਾਈਲ ਔਰੇਂਜ
✗ D. ਫਿਨੋਲਫਥੈਲੀਨ

Q.79 ਇੱਕ ਵਿਦਿਆਰਥੀ ਇੱਕ ਗੇਂਦ ਦੀ ਗਤੀ ਨੂੰ ਰਿਕਾਰਡ ਕਰਦਾ ਹੈ ਜੋ ਸਮਾਨ ਸਿੱਧੇ ਪੱਥ 'ਤੇ ਬਿੰਦੂ Q ਤੋਂ ਬਿੰਦੂ R ਤੱਕ ਵਿਸਥਾਪਿਤ ਹੁੰਦੀ ਹੈ, ਫਿਰ ਬਿੰਦੂ S ਤੇ ਵਾਪਸ ਆਉਂਦੀ ਹੈ। ਜੇਕਰ ਗੇਂਦ Q ਤੋਂ R ਤੱਕ ਪਹੁੰਚਣ ਲਈ 70 ਮੀਟਰ ਅਤੇ ਫਿਰ R ਤੋਂ S ਤੱਕ 30 ਮੀਟਰ ਦੀ ਦੂਰੀ ਤੈਅ ਕਰਦੀ ਹੈ, ਤਾਂ ਇਸ ਸਫਰ ਲਈ ਕੁੱਲ ਪੱਥ ਦੀ ਲੰਬਾਈ ਅਤੇ ਵਿਸਥਾਪਨ ਵਿਚਕਾਰ ਭੌਤਿਕ ਅੰਤਰ ਨੂੰ ਕਿਹੜਾ ਸਭ ਤੋਂ ਵਧੀਆ ਦਰਸਾਉਂਦਾ ਹੈ?

Ans
✗ A. ਪੱਥ ਦੀ ਲੰਬਾਈ ਸਿਰਫ਼ ਅੰਤਿਮ ਸਥਿਤੀ 'ਤੇ ਨਿਰਭਰ ਕਰਦੀ ਹੈ, ਜਦੋਂ ਕਿ ਵਿਸਥਾਪਨ ਪੂਰੇ ਸਫਰ 'ਤੇ ਨਿਰਭਰ ਕਰਦਾ ਹੈ।
✓ B. ਪੱਥ ਦੀ ਲੰਬਾਈ, ਤੈਅ ਕੀਤਾ ਗਿਆ ਕੁੱਲ ਸਫਰ ਹੈ, ਜਦੋਂ ਕਿ ਵਿਸਥਾਪਨ Q ਤੋਂ S ਤੱਕ ਸਿੱਧੀ ਰੇਖਾ ਦੀ ਕੁੱਲ ਦੂਰੀ ਹੈ।
✗ C. ਵਿਸਥਾਪਨ ਹਮੇਸ਼ਾ ਪੱਥ ਦੀ ਲੰਬਾਈ ਤੋਂ ਵੱਧ ਹੁੰਦਾ ਹੈ ਕਿਉਂਕਿ ਇਹ ਸਭ ਤੋਂ ਛੋਟੇ ਪੱਥ ਨੂੰ ਮਾਪਦਾ ਹੈ।
✗ D. ਪੱਥ ਦੀ ਲੰਬਾਈ ਅਤੇ ਵਿਸਥਾਪਨ ਬਰਾਬਰ ਹਨ ਕਿਉਂਕਿ ਗਤੀ ਇੱਕ ਸਿੱਧੇ ਪੱਥ 'ਤੇ ਹੁੰਦੀ ਹੈ।

Q.80 ਆਮ ਹਾਲਤਾਂ ਵਿੱਚ ਸੰਤ੍ਰਿਪਤ ਹਾਈਡਰੋਕਾਰਬਨ ਆਮ ਤੌਰ 'ਤੇ ਅਕਿਰਿਆਸ਼ੀਲ ਕਿਉਂ ਨਹੀਂ ਹੁੰਦੇ?

Ans
✓ A. ਇਹਨਾਂ ਵਿੱਚ ਮਜ਼ਬੂਤ ਸਿਗਮਾ (σ) ਬੰਧਨ ਹੁੰਦੇ ਹਨ ਜਿਨ੍ਹਾਂ ਨੂੰ ਟੁੱਟਣ ਲਈ ਉੱਚ ਊਰਜਾ ਦੀ ਲੋੜ ਹੁੰਦੀ ਹੈ।
✗ B. ਇਹ ਬਹੁਤ ਜ਼ਿਆਦਾ ਧਰੁਵੀ ਹਨ ਅਤੇ ਪਾਣੀ ਵਿੱਚ ਘੁਲ ਜਾਂਦੇ ਹਨ, ਜਿਸ ਨਾਲ ਇਹ ਪ੍ਰਤਿਕਿਰਿਆਵਾਂ ਨੂੰ ਰੋਕਦੇ ਹਨ।
✗ C. ਇਹਨਾਂ ਵਿੱਚ ਕਮਜ਼ੋਰ ਪਾਈ (π) ਬੰਧਨ ਹੁੰਦੇ ਹਨ ਜੋ ਆਸਾਨੀ ਨਾਲ ਟੁੱਟ ਜਾਂਦੇ ਹਨ।
✗ D. ਇਹ ਕਮਰੇ ਦੇ ਤਾਪਮਾਨ 'ਤੇ ਆਕਸੀਜਨ ਨਾਲ ਸਵੈਚਲਿਤ ਤੌਰ 'ਤੇ ਪ੍ਰਤੀਕਿਰਿਆ ਕਰਦੇ ਹਨ।

Q.81 ਹੇਠ ਲਿਖਿਆਂ ਵਿੱਚੋਂ ਕਿਹੜਾ ਸਮੁੰਦਰ ਦੀ ਸਤਹ 'ਤੇ ਚੱਲਣ ਵਾਲੀਆਂ ਸਮੁੰਦਰੀ ਧਾਰਾਵਾਂ ਦੇ ਪੈਦਾ ਹੋਣ ਵਿੱਚ ਸਿੱਧੀ ਭੂਮਿਕਾ ਨਹੀਂ ਨਿਭਾਉਂਦਾ?

Ans
✓ A. ਸਮੁੰਦਰ ਉੱਤੇ ਵਰਖਾ ਦੀ ਮਾਤਰਾ
✗ B. ਸਮੁੰਦਰ ਦੇ ਉੱਪਰ ਚੱਲਣ ਵਾਲੀਆਂ ਹਵਾਵਾਂ
✗ C. ਸਮੁੰਦਰ ਦੀ ਸਤ੍ਹਾ ਦਾ ਤਾਪਮਾਨ
✗ D.
ਧਰਤੀ ਦਾ ਘੁੰਮਣ

Q.82 ਕਿਸੇ ਜੀਵ ਦੇ ਸਰੀਰ ਲਈ ਆਰਾਮ ਦੇ ਸਮੇਂ ਦੌਰਾਨ, ਜੀਵਨ ਪ੍ਰਕਿਰਿਆਵਾਂ (life processes) ਨੂੰ ਪੂਰਾ ਕਰਨਾ ਕਿਉਂ ਜ਼ਰੂਰੀ ਹੈ?

Ans
✗ A. ਸਰੀਰ ਨੂੰ ਅਚਾਨਕ ਹਰਕਤ ਲਈ ਤਿਆਰ ਕਰਨ ਲਈ
✗ B. ਦਿਮਾਗ ਦੇ ਕਾਰਜਾਂ ਨੂੰ ਰੀਸੈਟ (reset) ਕਰਨ ਲਈ
✓ C. ਇਹ ਯਕੀਨੀ ਬਣਾਉਣ ਲਈ ਕਿ ਸਰੀਰ ਦੇ ਮਹੱਤਵਪੂਰਨ ਕਾਰਜ, ਜਿਉਂਦੇ ਰਹਿਣ ਲਈ ਜਾਰੀ ਰਹਿਣ
✗ D. ਪ੍ਰਜਨਨ (reproduction) ਨੂੰ ਤੇਜ਼ ਕਰਨ ਲਈ

Q.83 ਜੇਕਰ ਤੁਸੀਂ ਖੇਡ ਦੇ ਮੈਦਾਨ ਵਿੱਚ ਆਪਣੇ ਇੱਕ ਦੋਸਤ ਨੂੰ ਆਵਾਜ਼ ਮਾਰਦੇ ਹੋ, ਜੋ ਤੁਹਾਡੇ ਤੋਂ ਸਮਾਨ ਦੂਰੀ 'ਤੇ ਖੜ੍ਹਾ ਹੈ ਅਤੇ ਨਾਲ ਹੀ ਇੱਕ ਸਟੀਲ ਦੇ ਜੰਗਲੇ ਦੇ ਦੂਜੇ ਸਿਰੇ ਨੂੰ ਛੂਹ ਰਿਹਾ ਹੈ, ਤਾਂ ਤੁਹਾਡੇ ਦੋਸਤ ਨੂੰ ਤੁਹਾਡੀ ਆਵਾਜ਼ ਕਿਸ ਰਸਤੇ ਰਾਹੀਂ ਪਹਿਲਾਂ ਸੁਣਾਈ ਦੇਵੇਗੀ ਅਤੇ ਕਿਉਂ?

Ans
✗ A. ਸਟੀਲ ਦੇ ਜੰਗਲੇ ਰਾਹੀਂ, ਕਿਉਂਕਿ ਠੋਸ ਪਦਾਰਥ ਹਰੇਕ ਆਵਾਜ਼ ਨੂੰ ਹਵਾ ਨਾਲੋਂ ਵਧੇਰੇ ਉੱਚਾ ਬਣਾ ਦਿੰਦੇ ਹਨ।
✓ B. ਸਟੀਲ ਦੇ ਜੰਗਲੇ ਰਾਹੀਂ, ਕਿਉਂਕਿ ਧੁਨੀ ਹਵਾ ਦੇ ਮੁਕਾਬਲੇ ਠੋਸ ਪਦਾਰਥਾਂ ਵਿੱਚ ਬਹੁਤ ਤੇਜ਼ੀ ਨਾਲ ਗਤੀ ਕਰਦੀ ਹੈ।
✗ C. ਖੇਡ ਦੇ ਮੈਦਾਨ ਰਾਹੀਂ, ਕਿਉਂਕਿ ਧੁਨੀ ਠੋਸ ਪਦਾਰਥਾਂ ਦੇ ਮੁਕਾਬਲੇ ਹਵਾ ਵਿੱਚੋਂ ਵਧੇਰੇ ਆਸਾਨੀ ਨਾਲ ਲੰਘ ਸਕਦੀ ਹੈ।
✗ D. ਖੇਡ ਦੇ ਮੈਦਾਨ ਰਾਹੀਂ, ਕਿਉਂਕਿ ਧੁਨੀ ਸਟੀਲ ਵਿੱਚੋਂ ਪ੍ਰਭਾਵਸ਼ਾਲੀ ਢੰਗ ਨਾਲ ਗਤੀ ਨਹੀਂ ਕਰ ਸਕਦੀ।

Blackbook

Get India's No 1 Vocab Preparation App for FREE : Blackbook : English Vocabulary
GET IT ON Google Play

Q.84 ਲੰਬੀ ਦੂਰੀ ਤੱਕ ਨਾੜੀ ਆਵੇਗ ਨੂੰ ਲੈ ਕੇ ਜਾਣ ਲਈ, ਇੱਕ ਨਿਊਰਲ ਪ੍ਰੋਸਥੈਟਿਕ ਨੂੰ ਨਿਊਰੋਨ ਦੇ ਕਿਸ ਹਿੱਸੇ ਦੀ ਨਕਲ ਕਰਨੀ ਚਾਹੀਦੀ ਹੈ?

Ans
- ✗ A. ਸੈੱਲ ਸਰੀਰ ਦੇ ਨੇੜੇ ਦੀਆਂ ਸ਼ਾਖਾਵਾਂ ਵਾਲੇ ਡੈਂਡਰਾਈਟਸ
- ✗ B. ਨਿਊਰੋਨ ਦੇ ਅੰਤ 'ਤੇ ਸਿਨੈਪਟਿਕ ਟਰਮੀਨਲ
- ✓ C. ਮਾਈਲਿਨ ਸ਼ੀਥ ਵਾਲਾ ਲੰਬਾ ਐਕਸੌਨ
- ✗ D. ਸੈੱਲ ਸਰੀਰ ਜਿਸ ਵਿੱਚ ਕੇਂਦਰਕ ਹੁੰਦਾ ਹੈ

Q.85 ਇੱਕ ਵਿਦਿਆਰਥੀ 15 cm ਫੋਕਸ ਦੂਰੀ ਵਾਲੇ ਇੱਕ ਉੱਤਲ ਲੈਂਜ਼ ਦੇ ਸਾਹਮਣੇ 30 cm ਦੀ ਦੂਰੀ 'ਤੇ ਇੱਕ ਵਸਤੂ ਰੱਖਦਾ ਹੈ। ਲੈਂਜ਼ ਫਾਰਮੂਲੇ ਦੇ ਅਧਾਰ 'ਤੇ, ਪ੍ਰਤੀਬਿੰਬ ਕਿੱਥੇ ਬਣੇਗਾ?

Ans
- ✗ A. 60 cm, ਲੈਂਜ਼ ਦੇ ਦੂਜੇ ਪਾਸੇ
- ✓ B. 30 cm, ਲੈਂਜ਼ ਦੇ ਦੂਜੇ ਪਾਸੇ
- ✗ C. 45 cm, ਲੈਂਜ਼ ਦੇ ਦੂਜੇ ਪਾਸੇ
- ✗ D. 15 cm, ਲੈਂਜ਼ ਦੇ ਦੂਜੇ ਪਾਸੇ

Q.86 ਕਿਹੜਾ ਮੈਰੀਸਟੈੱਮ ਕੁਝ ਪੌਦਿਆਂ ਦੇ ਤਲ 'ਤੇ ਸਥਿਤ ਹੁੰਦਾ ਹੈ ਅਤੇ ਕੱਟੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਉੱਗਣ ਵਿੱਚ ਮਦਦ ਕਰਦਾ ਹੈ?

Ans
- ✗ A. ਲੈਟਰਲ ਮੈਰੀਸਟੈੱਮ (Lateral Meristem)
- ✗ B. ਐਪੀਕਲ ਮੈਰੀਸਟੈੱਮ (Apical Meristem)
- ✓ C. ਇੰਟਰਕੇਲਰੀ ਮੈਰੀਸਟੈੱਮ (Intercalary Meristem)
- ✗ D. ਗਿਰਥ ਮੈਰੀਸਟੈੱਮ (Girth Meristem)

Q.87 ਇੱਕ ਵਿਗਿਆਨੀ, ਜੰਤੂ ਸੈੱਲਾਂ ਵਿੱਚ ਐਂਡੋਪਲਾਜ਼ਮਿਕ ਜਾਲ ਦੇ ਨਿਰਵਿਘਨ ਕੰਮ ਨਾ ਕਰਨ ਦਾ ਅਧਿਐਨ ਕਰ ਰਿਹਾ ਹੈ। ਇਸ ਤਬਦੀਲੀ ਨਾਲ ਕਿਹੜੀ ਸੈਲੂਲਰ ਪ੍ਰਕਿਰਿਆ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੈ?

Ans
- ✗ A. ਪ੍ਰੋਟੀਨ ਸੰਸਲੇਸ਼ਣ ਅਤੇ ਸੋਧ
- ✗ B. ਊਰਜਾ ਉਤਪਾਦਨ ਅਤੇ ATP ਦਾ ਸੰਸਲੇਸ਼ਣ
- ✗ C. ਸੈੱਲ ਵਿਭਾਜਨ ਅਤੇ ਗੁਣਸੂਤਰ ਦਾ ਵੱਖ ਹੋਣਾ
- ✓ D. ਲਿਪਿਡ ਦਾ ਸੰਸਲੇਸ਼ਣ ਅਤੇ ਦਵਾਈਆਂ ਦਾ ਡੀਟੌਕਸੀਫਿਕੇਸ਼ਨ

Q.88 ਲਗਾਤਾਰ ਗਰਮ ਹੋ ਰਿਹਾ ਵਾਯੂਮੰਡਲ ਜਲ-ਚੱਕਰ ਦੇ ਅੰਦਰ ਵਰਖਾ ਦੇ ਪੈਟਰਨ ਨੂੰ ਕਿਵੇਂ ਬਦਲ ਸਕਦਾ ਹੈ?

Ans
- ✗ A. ਇਹ ਦੁਨੀਆ ਭਰ ਵਿੱਚ ਘੱਟ ਵਰਖਾ ਦਾ ਕਾਰਨ ਬਣੇਗਾ
- ✗ B. ਇਹ ਸਾਰੇ ਖੇਤਰਾਂ ਵਿੱਚ ਵਧੇਰੇ ਬਰਫ਼ਬਾਰੀ ਦਾ ਕਾਰਨ ਬਣੇਗਾ
- ✓ C. ਇਹ ਵਧੇਰੇ ਤੀਬਰ ਅਤੇ ਅਨਿਯਮਿਤ ਵਰਖਾ ਦੀਆਂ ਘਟਨਾਵਾਂ ਦਾ ਕਾਰਨ ਬਣ ਸਕਦਾ ਹੈ
- ✗ D. ਇਹ ਹਮੇਸ਼ਾ ਹਰ ਜਗ੍ਹਾ ਹਲਕੀ ਵਰਖਾ ਨੂੰ ਵਧਾਏਗਾ

Q.89 ਫਾਸਫੋਰਸ ਦੇ ਇੱਕ ਪਰਮਾਣੂ ਦੀ ਇਲੈਕਟ੍ਰਾਨਿਕ ਤਰਤੀਬ 2, 8, 5 ਹੈ। ਇਸ ਦੀ ਸੰਯੋਜਕਤਾ ਕੀ ਹੈ ਅਤੇ ਇਹ ਸਥਿਰਤਾ ਕਿਵੇਂ ਪ੍ਰਾਪਤ ਕਰਦਾ ਹੈ?

Ans
- ✗ A. ਫਾਸਫੋਰਸ ਦੀ ਸੰਯੋਜਕਤਾ 5 ਹੈ, ਜੋ ਕਿ ਸੰਯੋਜਕ ਇਲੈਕਟ੍ਰਾਨਾਂ ਦੀ ਸੰਖਿਆ ਦੇ ਬਰਾਬਰ ਹੈ।
- ✗ B. ਫਾਸਫੋਰਸ ਦੀ ਸੰਯੋਜਕਤਾ 5 ਹੈ, ਕਿਉਂਕਿ ਇਹ ਪੰਜ ਇਲੈਕਟ੍ਰਾਨ ਗੁਆ ਦਿੰਦਾ ਹੈ।
- ✗ C. ਫਾਸਫੋਰਸ ਦੀ ਸੰਯੋਜਕਤਾ 3 ਹੈ, ਕਿਉਂਕਿ ਇਹ ਸਥਿਰਤਾ ਪ੍ਰਾਪਤ ਕਰਨ ਲਈ ਤਿੰਨ ਇਲੈਕਟ੍ਰਾਨ ਗੁਆ ਦਿੰਦਾ ਹੈ।
- ✓ D. ਫਾਸਫੋਰਸ ਦੀ ਸੰਯੋਜਕਤਾ 3 ਹੈ, ਕਿਉਂਕਿ ਇਹ ਸਥਿਰ ਸੰਰਚਨਾ ਪ੍ਰਾਪਤ ਕਰਨ ਲਈ ਤਿੰਨ ਇਲੈਕਟ੍ਰਾਨ ਗ੍ਰਹਿਣ ਕਰਦਾ ਹੈ।

Q.90 ਅਸਲ-ਜੀਵਨ ਦੀਆਂ ਹੇਠ ਲਿਖੀਆਂ ਸਥਿਤੀਆਂ ਵਿੱਚੋਂ ਕਿਹੜੀ ਸਭ ਤੋਂ ਵਧੀਆ ਦਰਸਾਉਂਦੀ ਹੈ ਕਿ ਮਨੁੱਖੀ ਗਤੀਵਿਧੀ ਪਰਿਸਥਿਤਿਕ ਪ੍ਰਣਾਲੀ ਵਿੱਚ ਜੈਵ ਵਿਭਿੰਨਤਾ ਨੂੰ ਕਿਵੇਂ ਘਟਾ ਸਕਦੀ ਹੈ?

Ans
- ✓ A. ਜੰਗਲਾਂ ਦੀ ਕਟਾਈ ਕਾਰਨ ਜਾਤੀਆਂ ਦਾ ਨੁਕਸਾਨ ਹੋਣਾ
- ✗ B. ਘਾਹ ਦੇ ਮੈਦਾਨ ਵਿੱਚ ਕੁਦਰਤੀ ਉਤਰਾਧਿਕਾਰ
- ✗ C. ਪੰਛੀਆਂ ਦਾ ਮੌਸਮੀ ਪ੍ਰਵਾਸ
- ✗ D. ਜਾਨਵਰਾਂ ਦਾ ਨਵੇਂ ਖੇਤਰ ਵਿੱਚ ਜਾਣਾ

Section : **General Awareness**

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.91** ਕੇਂਦਰੀ ਪੰਚਾਇਤੀ ਰਾਜ ਮੰਤਰਾਲੇ ਦੀ ਕਿਹੜੀ ਪਹਿਲਕਦਮੀ ਨੂੰ 'ਕੇਂਦਰੀ ਮੰਤਰਾਲਿਆਂ/ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਡਿਜੀਟਲ ਪਲੇਟਫਾਰਮਾਂ ਵਿੱਚ ਡੇਟਾ ਵਿਸ਼ਲੇਸ਼ਣ ਦੀ ਵਰਤੋਂ ਦੁਆਰਾ ਡਿਜੀਟਲ ਪਰਿਵਰਤਨ' ਸ਼੍ਰੇਣੀ ਦੇ ਤਹਿਤ ਈ-ਗਵਰਨੈਂਸ (NAeG) 2026 ਲਈ ਰਾਸ਼ਟਰੀ ਪੁਰਸਕਾਰਾਂ ਵਿੱਚ ਗੋਲਡ ਅਵਾਰਡ ਪ੍ਰਾਪਤ ਕੀਤਾ ਹੈ?

**Ans**
- ✔ A. ਪੰਚਾਇਤ ਵਿਕਾਸ ਸੂਚਕ-ਅੰਕ
- ✘ B. ਈ-ਗ੍ਰਾਮਸਵਰਾਜ ਪੋਰਟਲ
- ✘ C. ਸਵਾਮਿਤਵਾ ਸਕੀਮ
- ✘ D. ਆਡਿਟ-ਆਨਲਾਈਨ ਪਲੇਟਫਾਰਮ

**Q.92** ਹੇਠ ਲਿਖਿਆਂ ਵਿੱਚੋਂ ਕਿਸਨੇ 8 ਜੁਲਾਈ, 2026 ਨੂੰ ਪਿਨਾਕਾ ਲੌਂਗ ਰੇਂਜ ਗਾਡੇਡ ਰਾਕੇਟ ਦਾ ਸਫਲ ਉਡਾਣ-ਪ੍ਰੀਖਣ ਕੀਤਾ?

**Ans**
- ✘ A. ਭਾਰਤ ਡਾਇਨਾਮਿਕਸ ਲਿਮਿਟਡ
- ✘ B. ਭਾਰਤੀ ਫੌਜ
- ✔ C. ਰੱਖਿਆ ਖੋਜ ਅਤੇ ਵਿਕਾਸ ਸੰਗਠਨ
- ✘ D. ਹਿੰਦੁਸਤਾਨ ਏਅਰੋਨੌਟਿਕਸ ਲਿਮਿਟਡ

**Q.93** ਕੇਂਦਰੀ ਬਜਟ 2026-27 ਵਿੱਚ ਹੇਠ ਲਿਖੀਆਂ ਸੰਸਥਾਵਾਂ ਵਿੱਚੋਂ ਕਿਸ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਹਾਸਪਿਟੈਲਿਟੀ ਵਿੱਚ ਅਪਗ੍ਰੇਡ ਕਰਨ ਦਾ ਪ੍ਰਸਤਾਵ ਰੱਖਿਆ ਗਿਆ?

**Ans**
- ✘ A. ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ
- ✘ B. ਇੰਡੀਅਨ ਇੰਸਟੀਚਿਊਟ ਆਫ਼ ਟੂਰਿਜ਼ਮ ਐਂਡ ਟ੍ਰੈਵਲ ਮੈਨੇਜਮੈਂਟ
- ✔ C. ਨੈਸ਼ਨਲ ਕੌਂਸਲ ਫਾਰ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ
- ✘ D. ਇੰਡੀਅਨ ਇੰਸਟੀਚਿਊਟ ਆਫ਼ ਫੂਡ ਪ੍ਰੋਸੈਸਿੰਗ ਟੈਕਨਾਲੋਜੀ

**Q.94** ਫਰਵਰੀ 2026 ਵਿੱਚ ਡਿਜੀਟਲ ਇੰਡੀਆ BHASHINI ਡਿਵੀਜ਼ਨ (DIBD) ਅਤੇ ਭਾਰਤੀ ਰਿਜ਼ਰਵ ਬੈਂਕ (RBI) ਵਿਚਕਾਰ ਹਸਤਾਖਰ ਕੀਤੇ ਗਏ ਸਮਝੌਤਾ ਪੱਤਰ (MoU) ਦਾ ਮੁੱਖ ਉਦੇਸ਼ ਹੇਠ ਲਿਖਿਆਂ ਵਿੱਚੋਂ ਕਿਸ ਉਦੇਸ਼ ਨੂੰ ਪੂਰਾ ਕਰਨਾ ਹੈ?

**Ans**
- ✘ A. ਪੂਰੇ ਦੇਸ਼ ਵਿੱਚ ਰਿਟੇਲ ਅਤੇ ਹੋਲਸੇਲ ਡਿਜੀਟਲ ਟ੍ਰਾਂਜ਼ੈਕਸ਼ਨ ਲਈ ਇੱਕ ਵਿਆਪਕ ਸੈਂਟਰਲ ਬੈਂਕ ਡਿਜੀਟਲ ਕਰੰਸੀ (CBDC) ਪਲੇਟਫਾਰਮ ਵਿਕਸਤ ਕਰਨਾ
- ✘ B. ਬੈਂਕਿੰਗ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਰਾਸ਼ਟਰੀ ਪੱਧਰ 'ਤੇ ਵਿੱਤੀ ਧੋਖਾਧੜੀ ਦਾ ਪਤਾ ਲਗਾਉਣ ਅਤੇ ਉਸ ਨੂੰ ਰੋਕਣ ਲਈ ਇੱਕ ਵਿਆਪਕ ਫ੍ਰੇਮਵਰਕ ਵਿਕਸਤ ਕਰਨਾ
- ✔ C. ਬਹੁ-ਭਾਸ਼ਾਈ ਬੈਂਕਿੰਗ ਸੁਵਿਧਾ ਨੂੰ ਬਿਹਤਰ ਬਣਾਉਣਾ ਅਤੇ ਵਿੱਤੀ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਲਈ ਭਾਸ਼ਾ AI ਮਾਡਲਾਂ ਨੂੰ ਇੰਟੀਗ੍ਰੇਟ ਕਰਨਾ
- ✘ D. ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵਿੱਚਕਾਰ ਆਸਾਨੀ ਨਾਲ ਇੰਟਰ-ਓਪਰੇਟੇਬਿਲਿਟੀ ਅਤੇ ਰੀਅਲ-ਟਾਈਮ ਟ੍ਰਾਂਜ਼ੈਕਸ਼ਨ ਦੀ ਸੁਵਿਧਾ ਦੇਣ ਲਈ ਇੱਕ ਯੂਨੀਫਾਈਡ ਡਿਜੀਟਲ ਪੇਮੈਂਟ ਗੇਟਵੇ ਬਣਾਉਣਾ

**Q.95** ਕੇਰਲ ਦੇ ਤਿਰੂਵਨੰਤਪੁਰਮ ਵਿੱਚ ਇੰਡੀਅਨ ਐਥਲੈਟਿਕਸ ਸੀਰੀਜ਼ 2026 ਵਿੱਚ ਕਿਸ ਐਥਲੀਟ ਨੇ ਪੁਰਸ਼ਾਂ ਦੀ 400 m ਹਰਡਲਸ ਦਾ ਖਿਤਾਬ ਜਿੱਤਿਆ?

**Ans**
- ✔ A. ਸੰਤੋਸ਼ ਕੁਮਾਰ ਤਮਿਲਰਾਸਨ
- ✘ B. ਅਮਿਤ ਕੁਮਾਰ
- ✘ C. ਅੱਯਾਸਾਮੀ ਧਾਰੁਣ
- ✘ D. ਵਿਗਨੇਸ਼ ਬੀ

**Q.96** ਕੇਂਦਰੀ ਬਜਟ 2026-27 ਦੇ ਅਨੁਸਾਰ, ਬਾਇਓ-ਫਾਰਮਾ ਸ਼ਕਤੀ ਯੋਜਨਾ ________ ਦੇ ਖਰਚ ਨਾਲ ਪ੍ਰਸਤਾਵਿਤ ਕੀਤੀ ਗਈ।

**Ans**
- ✔ A. ਪੰਜ ਸਾਲਾਂ ਵਿੱਚ ₹10,000 ਕਰੋੜ
- ✘ B. ਪੰਜ ਸਾਲਾਂ ਵਿੱਚ ₹12,000 ਕਰੋੜ
- ✘ C. ਪੰਜ ਸਾਲਾਂ ਵਿੱਚ ₹15,000 ਕਰੋੜ
- ✘ D. ਪੰਜ ਸਾਲਾਂ ਵਿੱਚ ₹8,000 ਕਰੋੜ

**Q.97** ਜੁਲਾਈ 2026 ਵਿੱਚ, ਡਿਫੈਂਸ ਐਕਿਊਜ਼ਿਸ਼ਨ ਕਾਊਂਸਲ (DAC) ਨੇ ਕਿਸ ਹਥਿਆਰਬੰਦ ਬਲ ਲਈ AKASH TARANG ਸਿਸਟਮ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ?

**Ans**
- ✘ A. ਭਾਰਤੀ ਤੱਟ ਰੱਖਿਅਕ
- ✘ B. ਭਾਰਤੀ ਹਵਾਈ ਸੈਨਾ
- ✔ C. ਭਾਰਤੀ ਫੌਜ
- ✘ D. ਭਾਰਤੀ ਜਲ ਸੈਨਾ

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.98** ਫਰਵਰੀ 2026 ਵਿੱਚ ਆਯੋਜਿਤ ਭਾਰਤ-ਕਿਰਗਿਜ਼ਸਤਾਨ ਸੰਯੁਕਤ ਵਿਸ਼ੇਸ਼ ਬਲ ਅਭਿਆਸ KHANJAR ਦਾ 13ਵਾਂ ਐਡੀਸ਼ਨ ਕਿਸ ਰਾਜ ਵਿੱਚ ਸ਼ੁਰੂ ਹੋਇਆ?

**Ans**
- ✔ A. ਅਸਾਮ
- ✘ B. ਅਰੁਣਾਚਲ ਪ੍ਰਦੇਸ਼
- ✘ C. ਸਿੱਕਮ
- ✘ D. ਉਤਰਾਖੰਡ

**Q.99** ਸ਼ਹਿਰਾਂ ਨੂੰ ਬੱਚਿਆਂ ਲਈ ਵਧੇਰੇ ਸੁਰੱਖਿਅਤ ਅਤੇ ਸਹਾਇਕ ਬਣਾਉਣ ਲਈ ਸਤੰਬਰ 2025 ਵਿੱਚ ਇਹਨਾਂ ਵਿੱਚੋਂ ਕਿਸ ਰਾਜ ਵਿੱਚ "ਕਲੈਪ ਫਾਰ ਚਿਲਡਰਨ" (CLAP for Children) ਦੀ ਸ਼ੁਰੂਆਤ ਕੀਤੀ ਗਈ ਸੀ?

**Ans**
- ✔ A. ਤੇਲੰਗਾਨਾ
- ✘ B. ਕਰਨਾਟਕ
- ✘ C. ਆਂਧਰਾ ਪ੍ਰਦੇਸ਼
- ✘ D. ਮਹਾਰਾਸ਼ਟਰ

**Q.100** ਜੁਲਾਈ 2026 ਵਿੱਚ ਰੀਜਨਲ AIM SUMVAAD—ਨੌਰਥ ਈਸਟ ਚੈਪਟਰ 2026 ਦਾ ਆਯੋਜਨ ਕਿਸ ਸੰਗਠਨ ਦੁਆਰਾ ਕੀਤਾ ਗਿਆ ਸੀ?

**Ans**
- ✔ A. ਅਟਲ ਇਨੋਵੇਸ਼ਨ ਮਿਸ਼ਨ (AIM), ਨੀਤੀ ਆਯੋਗ
- ✘ B. ਰਾਸ਼ਟਰੀ ਹੁਨਰ ਵਿਕਾਸ ਨਿਗਮ (NSDC)
- ✘ C. ਰੱਖਿਆ ਖੋਜ ਅਤੇ ਵਿਕਾਸ ਸੰਗਠਨ (DRDO)
- ✘ D. ਭਾਰਤੀ ਪੁਲਾੜ ਖੋਜ ਸੰਗਠਨ (ISRO)

"

Blackbook

Get India's No 1 Vocab Preparation App for FREE : **Blackbook : English Vocabulary** GET IT ON Google Play

रेलवे भर्ती बोर्ड / RAILWAY RECRUITMENT BOARD
सीईएन ०२/२०२६ - तकनीशियन ग्रेड I सिगनल और तकनीशियन ग्रेड III
CEN 02/2026 - Technician Grade I Signal and Technician Grade III

| | |
|---|---|
| Test Date | 09/10/2026 |
| Test Time | 9:00 AM - 10:30 AM |
| Subject | RRB Technician Grade III |

*** Note**
**Correct Answer will carry 1 mark per Question.**
**Incorrect Answer will carry 1/3 Negative mark per Question.**

**1. Options shown in green color with a tick icon are correct.**
**2. Chosen option on the right of the question indicates the option selected by the candidate.**

Section : **Mathematics**

**Q.1** ਇੱਕ ਆਇਤਾਕਾਰ ਕਾਗਜ਼ ਦੀ ਸ਼ੀਟ 132 cm × 12 cm ਨੂੰ ਇਸਦੀ ਲੰਬਾਈ ਦੇ ਨਾਲ ਮੋੜ ਕੇ ਇੱਕ ਬੇਲਣ ਬਣਾਇਆ ਗਿਆ ਹੈ। ਇਸ ਤਰ੍ਹਾਂ ਬਣੇ ਬੇਲਣ ਦਾ ਆਇਤਨ ਪਤਾ ਕਰੋ।

**Ans**
- ✗ A. 16362 $cm^3$
- ✓ B. 16632 $cm^3$
- ✗ C. 16623 $cm^3$
- ✗ D. 16326 $cm^3$

**Q.2** 6-ਅੰਕਾਂ ਵਾਲੀ ਸੰਖਿਆ 2A683B ਨੂੰ 3 ਨਾਲ ਭਾਗ ਕੀਤਾ ਜਾ ਸਕਦਾ ਹੈ। (A+B) ਦਾ ਘੱਟੋ-ਘੱਟ ਸੰਭਵ ਮੁੱਲ ਪਤਾ ਕਰੋ।

**Ans**
- ✗ A. 8
- ✗ B. 11
- ✗ C. 5
- ✓ D. 2

**Q.3** ਇੱਕ ਵਿਅਕਤੀ ਨੇ ₹57500 ਦੀ ਧਨਰਾਸ਼ੀ 8% ਸਲਾਨਾ ਸਧਾਰਨ ਵਿਆਜ ਦੀ ਦਰ 'ਤੇ 4 ਸਾਲਾਂ ਲਈ ਨਿਵੇਸ਼ ਕੀਤੀ। 4 ਸਾਲਾਂ ਬਾਅਦ ਉਸਨੂੰ ਕਿੰਨੀ ਧਨਰਾਸ਼ੀ (₹ ਵਿੱਚ) ਪ੍ਰਾਪਤ ਹੋਵੇਗੀ?

**Ans**
- ✓ A. 75900
- ✗ B. 18400
- ✗ C. 19400
- ✗ D. 76900

**Q.4** ਮਾਰਚ ਦੇ ਮਹੀਨੇ ਵਿੱਚ, ਸ਼ਨੀਵਾਰ ਅਤੇ ਐਤਵਾਰ ਨੂੰ ਛੱਡ ਕੇ, ਇੱਕ ਡੀਲਰ ਦੁਆਰਾ ਕੀਤੀ ਗਈ ਪ੍ਰਤੀ ਦਿਨ ਕਾਰਾਂ ਦੀ ਔਸਤ ਵਿਕਰੀ 116 ਹੈ। ਐਤਵਾਰ ਨੂੰ ਪ੍ਰਤੀ ਦਿਨ ਕੀਤੀ ਗਈ ਕਾਰਾਂ ਦੀ ਔਸਤ ਵਿਕਰੀ 126 ਹੈ। ਜੇਕਰ ਪਹਿਲਾ ਸ਼ਨੀਵਾਰ 3 ਮਾਰਚ ਨੂੰ ਹੈ ਅਤੇ ਪੂਰੇ ਮਹੀਨੇ ਲਈ ਪ੍ਰਤੀ ਦਿਨ ਕਾਰਾਂ ਦੀ ਕੀਤੀ ਗਈ ਔਸਤ ਵਿਕਰੀ 121 ਹੈ, ਤਾਂ ਸ਼ਨੀਵਾਰ ਨੂੰ ਪ੍ਰਤੀ ਦਿਨ ਕਾਰਾਂ ਦੀ ਕੀਤੀ ਗਈ ਔਸਤ ਵਿਕਰੀ ਕਿੰਨੀ ਹੈ?

**Ans**
- ✗ A. 135
- ✗ B. 143
- ✓ C. 139
- ✗ D. 138

Get India's No 1 Vocab Preparation App for FREE : Blackbook : English Vocabulary
GET IT ON Google Play

Q.5 ਹੇਠਾਂ ਦਿੱਤੇ ਅੰਕੜੇ ਮਾਰਚ ਦੇ ਮਹੀਨੇ ਵਿੱਚ ਇੱਕ ਹਫ਼ਤੇ ਲਈ ਸ਼ਹਿਰ X ਦੇ ਤਾਪਮਾਨ (°C ਵਿੱਚ) ਨੂੰ ਦਰਸਾਉਂਦੇ ਹਨ। ਪ੍ਰਤੱਖ ਵਿਧੀ ਦੁਆਰਾ ਤਾਪਮਾਨ ਦਾ ਅੰਕਗਣਿਤਿਕ ਮੱਧਮਾਨ (°C ਵਿੱਚ) ਪਤਾ ਕਰੋ।
ਦਰਜ ਕੀਤਾ ਗਿਆ ਤਾਪਮਾਨ: 32.3, 34.5, 33.1, 32.7, 35.3, 33.2, 34.1

Ans
- ✗ A. 32.8
- ✓ B. 33.6
- ✗ C. 33.8
- ✗ D. 33.4

Q.6 ਇੱਕ ਪ੍ਰਚੂਨ ਵਿਕਰੇਤਾ ਕਿਸੇ ਵਸਤੂ 'ਤੇ 3y% ਅਤੇ 15% ਦੀਆਂ ਦੋ ਲਗਾਤਾਰ ਛੋਟਾਂ ਦਿੰਦਾ ਹੈ, ਜਿਸਦੇ ਨਤੀਜੇ ਵਜੋਂ 28% ਦੀ ਇੱਕ ਬਰਾਬਰ ਛੋਟ ਮਿਲਦੀ ਹੈ। y ਦਾ ਮੁੱਲ ਪਤਾ ਕਰੋ (ਨਿਕਟਤਮ ਸੰਪੂਰਨ ਸੰਖਿਆ ਤੱਕ)

Ans
- ✗ A. 6
- ✗ B. 7
- ✗ C. 4
- ✓ D. 5

Q.7 2520 m ਦੀ ਇੱਕ ਚੱਕਰਾਕਾਰ ਦੌੜ ਵਿੱਚ, ਸਿੱਧਾਰਥ 90 ਸਕਿੰਟਾਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ ਅਤੇ ਯਸ਼ 45 ਸਕਿੰਟਾਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ। ਜੇਕਰ ਉਹ ਉਲਟ ਦਿਸ਼ਾਵਾਂ ਵਿੱਚ ਦੌੜ ਰਹੇ ਹਨ, ਤਾਂ ਟ੍ਰੈਕ ਦੇ ਘੇਰੇ 'ਤੇ ਕਿੰਨੇ ਵੱਖ-ਵੱਖ ਮਿਲਣ ਬਿੰਦੂ ਹੋਣਗੇ?

Ans
- ✗ A. 9
- ✗ B. 12
- ✓ C. 3
- ✗ D. 13

Q.8 ਇੱਕ ਸਮਲੰਬ ਚਤੁਰਭੁਜ ਦੀਆਂ ਸਮਾਨਾਂਤਰ ਭੁਜਾਵਾਂ 18 cm ਅਤੇ 12 cm ਹਨ। ਸਮਲੰਬ ਚਤੁਰਭੁਜ ਦੀ ਉਚਾਈ, ਦੋਵੇਂ ਸਮਾਨਾਂਤਰ ਭੁਜਾਵਾਂ ਦੀਆਂ ਲੰਬਾਈਆਂ ਦੀ ਔਸਤ ਦੇ ਬਰਾਬਰ ਹੈ। ਸਮਲੰਬ ਚਤੁਰਭੁਜ ਦਾ ਖੇਤਰਫਲ ਪਤਾ ਕਰੋ?

Ans
- ✗ A. 212 $cm^2$
- ✗ B. 200 $cm^2$
- ✓ C. 225 $cm^2$
- ✗ D. 220 $cm^2$

Q.9 ਇੱਕ ਚੱਕਰ ਉੱਤੇ ਕ੍ਰਮਵਾਰ ਚਾਰ ਬਿੰਦੂ A, B, C ਅਤੇ D ਇਸ ਤਰ੍ਹਾਂ ਸਥਿਤ ਹਨ ਕਿ C ਠੀਕ A ਦੇ ਸਨਮੁੱਖ ਹੈ ਅਤੇ D ਠੀਕ B ਦੇ ਸਨਮੁੱਖ ਹੈ। ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਨਹੀਂ ਹੈ?

Ans
- ✗ A. AC = BD
- ✗ B. AB = CD
- ✗ C. AD = BC
- ✓ D. AC = CD

Q.10 ਇੱਕ ਦੁਕਾਨਦਾਰ ਨੇ ਕੁੱਲ ₹12,000 ਵਿੱਚ 6 ਇੱਕੋ ਜਿਹੇ ਮੋਬਾਈਲ ਫ਼ੋਨ ਖਰੀਦੇ। ਫਿਰ ਉਸਨੇ ਇਹਨਾਂ ਵਿੱਚੋਂ 2 ਮੋਬਾਈਲ ਫ਼ੋਨ ਕੁੱਲ ₹10,000 ਵਿੱਚ ਵੇਚ ਦਿੱਤੇ। ਵੇਚੇ ਗਏ ਫ਼ੋਨਾਂ 'ਤੇ ਉਸਦਾ ਲਾਭ ਪ੍ਰਤੀਸ਼ਤ ਕਿੰਨਾ ਹੈ?

Ans
- ✗ A. 152%
- ✓ B. 150%
- ✗ C. 148%
- ✗ D. 153%

Q.11 ਤਿੰਨ ਟੂਟੀਆਂ X, Y, ਅਤੇ Z ਇੱਕ ਟੈਂਕ ਨੂੰ ਕ੍ਰਮਵਾਰ 15 ਮਿੰਟ, 12 ਮਿੰਟ ਅਤੇ 20 ਮਿੰਟ ਵਿੱਚ ਭਰ ਸਕਦੀਆਂ ਹਨ। ਜੇਕਰ Y ਨੂੰ ਹਰ ਸਮੇਂ ਖੁੱਲ੍ਹਾ ਰੱਖਿਆ ਜਾਵੇ ਜਦੋਂ ਕਿ X ਅਤੇ Z ਨੂੰ X ਤੋਂ ਸ਼ੁਰੂ ਕਰਦੇ ਹੋਏ ਵਾਰੀ-ਵਾਰੀ 1 ਘੰਟੇ ਲਈ ਖੋਲ੍ਹਿਆ ਜਾਵੇ, ਤਾਂ ਟੈਂਕ ਕਿੰਨੇ ਸਮੇਂ ਵਿੱਚ ਭਰੇਗਾ?

Ans
- ✗ A. 5 ਘੰਟੇ
- ✓ B. 7 ਘੰਟੇ
- ✗ C. 6 ਘੰਟੇ
- ✗ D. 8 ਘੰਟੇ

Blackbook

Get India's No 1 Vocab Preparation App for FREE : **Blackbook : English Vocabulary** GET IT ON Google Play

**Q.12** ਜੇਕਰ k ਦਾ 20%, 20 ਦੇ 1800% ਤੋਂ 10 ਘੱਟ ਹੈ, ਤਾਂ k ਪਤਾ ਕਰੋ।

**Ans**
- ✗ A. 1790
- ✗ B. 1710
- ✓ C. 1750
- ✗ D. 1730

**Q.13** ਜੇਕਰ x ਅਤੇ $(20-4\sqrt{24})^{-\frac{1}{2}}$ ਦਾ ਮੱਧ ਸਮਾਨ-ਅਨੁਪਾਤ $\frac{1}{2}\sqrt{10+4\sqrt{6}}$ ਹੈ, ਤਾਂ x ਦਾ ਮੁੱਲ ਪਤਾ ਕਰੋ।

**Ans**
- ✗ A. $\sqrt{5+2\sqrt{3}}$
- ✓ B. $\sqrt{5+2\sqrt{6}}$
- ✗ C. $\sqrt{5-\sqrt{6}}$
- ✗ D. $\sqrt{5-2\sqrt{3}}$

**Q.14** ਹੇਠ ਲਿਖਿਆਂ ਵਿੱਚੋਂ ਸਭ ਤੋਂ ਛੋਟਾ ਅਨੁਪਾਤ ਚੁਣੋ।
A- 5 : 7
B- 4 : 5
C- 9 : 10
D- 3 : 4

**Ans**
- ✗ A. B
- ✓ B. A
- ✗ C. C
- ✗ D. D

**Q.15** ਪਾਈਪ C ਇੱਕ ਟੈਂਕ ਨੂੰ 10 ਘੰਟੇ ਵਿੱਚ ਭਰ ਸਕਦਾ ਹੈ ਅਤੇ ਪਾਈਪ D ਇਸ ਨੂੰ 15 ਘੰਟਿਆਂ ਵਿੱਚ ਭਰ ਸਕਦਾ ਹੈ। ਜੇਕਰ ਦੋਵਾਂ ਪਾਈਪਾਂ ਨੂੰ ਇੱਕਠੇ ਖੋਲ੍ਹ ਦਿੱਤਾ ਜਾਵੇ, ਤਾਂ ਟੈਂਕ ਨੂੰ ਭਰਨ ਲਈ ਕਿੰਨਾ ਸਮਾਂ (ਘੰਟਿਆਂ ਵਿੱਚ) ਲੱਗੇਗਾ?

**Ans**
- ✗ A. 8
- ✗ B. 10
- ✓ C. 6
- ✗ D. 5

**Q.16** ਇੱਕ ਧਨਰਾਸ਼ੀ 2 ਸਾਲਾਂ ਲਈ ਸਾਲਾਨਾ ਮਿਸ਼ਰਿਤ ਵਿਆਜ 'ਤੇ ਨਿਵੇਸ਼ ਕੀਤੀ ਜਾਂਦੀ ਹੈ। x% ਦੀ ਸਾਲਾਨਾ ਵਿਆਜ ਦਰ 'ਤੇ, ਧਨਰਾਸ਼ੀ ₹24,200 ਬਣ ਜਾਂਦੀ ਹੈ। ਜੇਕਰ ਸਾਲਾਨਾ ਵਿਆਜ ਦਰ (x + 10)% ਹੈ, ਤਾਂ ਧਨਰਾਸ਼ੀ ₹28,800 ਬਣ ਜਾਂਦੀ ਹੈ। x ਦਾ ਮੁੱਲ ਪਤਾ ਕਰੋ।

**Ans**
- ✗ A. 20
- ✗ B. 15
- ✗ C. 5
- ✓ D. 10

**Q.17** ਇੱਕ ਵਸਤੂ ਦਾ ਖਰੀਦ ਮੁੱਲ ₹800 ਹੈ। ਇਸਨੂੰ 15% ਦੇ ਲਾਭ 'ਤੇ ਵੇਚਿਆ ਜਾਂਦਾ ਹੈ। ਵਸਤੂ ਦਾ ਵੇਚ ਮੁੱਲ ਕਿੰਨਾ ਹੈ?

**Ans**
- ✗ A. ₹850
- ✓ B. ₹920
- ✗ C. ₹900
- ✗ D. ₹880

**Q.18** ਰੇਖਾ AB,CD ਦੇ ਸਮਾਂਤਰ ਹੈ। ਇੱਕ ਕਾਟਵੀਂ ਰੇਖਾ PQ ਰੇਖਾਵਾਂ AB ਅਤੇ CD ਨੂੰ ਕ੍ਰਮਵਾਰ ਬਿੰਦੂ E ਅਤੇ F 'ਤੇ ਕੱਟਦੀ ਹੈ ਅਤੇ ∠PEB = 38° ਹੈ। AB ਅਤੇ CD ਦੇ ਵਿਚਕਾਰ ਇੱਕ ਬਿੰਦੂ G ਇਸ ਤਰ੍ਹਾਂ ਹੈ ਕਿ ∠BEG = 24° ਅਤੇ ∠GFE = 29° ਹੈ। ∠EGF ਦਾ ਮਾਪ ਪਤਾ ਕਰੋ।

**Ans**
- ✗ A. 27°
- ✗ B. 47°
- ✗ C. 21°
- ✓ D. 33°

Blackbook

Get India's No 1 Vocab Preparation App for FREE : Blackbook : English Vocabulary

GET IT ON Google Play

Q.19 ਇੱਕ ਵਿਅਕਤੀ ਮਿਸ਼ਰਤ ਵਿਆਜ ਦੀ 5% ਸਾਲਾਨਾ ਦਰ ਨਾਲ ₹10,000 ਦਾ ਨਿਵੇਸ਼ ਕਰਦਾ ਹੈ। 3 ਸਾਲਾਂ ਬਾਅਦ ਕੁੱਲ ਰਾਸ਼ੀ ਪਤਾ ਕਰੋ।

Ans
- ✔ A. ₹11,576.25
- ✘ B. ₹11,000
- ✘ C. ₹11,200.50
- ✘ D. ₹12,000

Q.20 ਉਹ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ ਜੋ 5, 10 ਅਤੇ 15 ਨਾਲ ਪੂਰੀ ਤਰ੍ਹਾਂ ਭਾਗ ਹੁੰਦੀ ਹੋਵੇ।

Ans
- ✔ A. 30
- ✘ B. 60
- ✘ C. 45
- ✘ D. 20

Q.21 ਜੇਕਰ $x^2 + \frac{1}{x^2} = 23$ ਹੈ, ਤਾਂ $\frac{4x}{5x^2 - 3x + 5}$ ਦਾ ਮੁੱਲ ਪਤਾ ਕਰੋ।

Ans
- ✘ A. $\frac{11}{3}$
- ✘ B. $\frac{21}{10}$
- ✘ C. $\frac{1}{5}$
- ✔ D. $\frac{2}{11}$

Q.22 $\frac{\tan A}{1 - \sqrt{\operatorname{cosec}^2 A - 1}} + \frac{\cot A}{1 - \sqrt{\sec^2 A - 1}}$ ਦਾ ਮੁੱਲ ਪਤਾ ਕਰੋ।

Ans
- ✔ A. $1 + \tan A + \cot A$
- ✘ B. $1 + \tan A - \cot A$
- ✘ C. $1 - \tan A + \cot A$
- ✘ D. $1 - \tan A - \cot A$

Q.23 ਟੌਮੀ ਅਤੇ ਆਰਥਰ ਦੀ ਵਰਤਮਾਨ ਉਮਰ ਦਾ ਜੋੜ 50 ਸਾਲ ਹੈ। ਚਾਰ ਸਾਲ ਪਹਿਲਾਂ, ਆਰਥਰ ਦੀ ਉਮਰ, ਉਸ ਸਮੇਂ ਟੌਮੀ ਦੀ ਉਮਰ ਤੋਂ ਅੱਧੀ ਸੀ। ਟੌਮੀ ਦੀ ਵਰਤਮਾਨ ਉਮਰ (ਸਾਲਾਂ ਵਿੱਚ) ਕਿੰਨੀ ਹੈ?

Ans
- ✘ A. 39
- ✘ B. 37
- ✔ C. 32
- ✘ D. 28

Q.24 ਰਾਹੁਲ ਆਪਣੀ ਸਾਈਕਲ 'ਤੇ 8 km/hr, 10 km/hr ਅਤੇ 15 km/hr ਦੀ ਚਾਲ ਨਾਲ ਤਿੰਨ ਬਰਾਬਰ ਦੂਰੀਆਂ ਤੈਅ ਕਰਦਾ ਹੈ ਅਤੇ ਕੁੱਲ 2 ਘੰਟੇ 27 ਮਿੰਟ ਦਾ ਸਮਾਂ ਲੈਂਦਾ ਹੈ। ਉਸ ਦੁਆਰਾ ਤੈਅ ਕੀਤੀ ਗਈ ਕੁੱਲ ਦੂਰੀ (km ਵਿੱਚ) ਕਿੰਨੀ ਹੈ?

Ans
- ✘ A. 27.2 km
- ✘ B. 28.5 km
- ✘ C. 27.5 km
- ✔ D. 25.2 km

Blackbook

Get India's No 1 Vocab Preparation App for FREE : Blackbook : English Vocabulary
GET IT ON Google Play

Q.25 ਇੱਕ ਕਲਾਸ ਨੂੰ ਤਿੰਨ ਭਾਗਾਂ A, B, ਅਤੇ C ਵਿੱਚ ਵੰਡਿਆ ਗਿਆ ਹੈ।
ਭਾਗ A ਵਿੱਚ 25 ਵਿਦਿਆਰਥੀ ਹਨ ਜਿਨ੍ਹਾਂ ਦੇ ਔਸਤ ਸਕੋਰ 70 ਹਨ।
ਭਾਗ B ਵਿੱਚ 35 ਵਿਦਿਆਰਥੀ ਹਨ ਜਿਨ੍ਹਾਂ ਦੇ ਔਸਤ ਸਕੋਰ 60 ਹਨ।
ਭਾਗ C ਵਿੱਚ 40 ਵਿਦਿਆਰਥੀ ਹਨ।
ਜੇਕਰ ਸਾਰੇ 100 ਵਿਦਿਆਰਥੀਆਂ ਦਾ ਕੁੱਲ ਔਸਤ ਸਕੋਰ 63 ਹੈ, ਤਾਂ ਭਾਗ C ਦਾ ਔਸਤ ਸਕੋਰ ਪਤਾ ਕਰੋ।

Ans
- ✗ A. 67.25
- ✓ B. 61.25
- ✗ C. 58.25
- ✗ D. 64.25

Section : **General Intelligence and Reasoning**

Q.26 ਰੋਹਿਤ ਬਿੰਦੂ A ਤੋਂ ਸ਼ੁਰੂ ਕਰਦਾ ਹੈ ਅਤੇ ਉੱਤਰ ਵੱਲ 10 km ਗੱਡੀ ਚਲਾਉਂਦਾ ਹੈ। ਫਿਰ ਉਹ ਖੱਬੇ ਮੁੜਦਾ ਹੈ ਅਤੇ 12 km ਗੱਡੀ ਚਲਾਉਂਦਾ ਹੈ, ਫਿਰ ਖੱਬੇ ਮੁੜਦਾ ਹੈ ਅਤੇ 11 km ਗੱਡੀ ਚਲਾਉਂਦਾ ਹੈ। ਇਸ ਤੋਂ ਬਾਅਦ ਉਹ ਫਿਰ ਖੱਬੇ ਮੁੜਦਾ ਹੈ ਅਤੇ 15 km ਗੱਡੀ ਚਲਾਉਂਦਾ ਹੈ। ਉਹ ਆਖਰੀ ਵਾਰ ਖੱਬੇ ਮੁੜਦਾ ਹੈ, 1 km ਗੱਡੀ ਚਲਾਉਂਦਾ ਹੈ ਅਤੇ ਬਿੰਦੂ P 'ਤੇ ਰੁਕ ਜਾਂਦਾ ਹੈ। ਬਿੰਦੂ A 'ਤੇ ਦੁਬਾਰਾ ਪਹੁੰਚਣ ਲਈ ਉਸਨੂੰ ਕਿੰਨੀ ਦੂਰੀ (ਘੱਟੋ-ਘੱਟ ਦੂਰੀ) ਅਤੇ ਕਿਸ ਦਿਸ਼ਾ ਵਿੱਚ ਗੱਡੀ ਚਲਾਉਣੀ ਚਾਹੀਦੀ ਹੈ? (ਜਦੋਂ ਤੱਕ ਨਿਰਧਾਰਤ ਨਾ ਕੀਤਾ ਜਾਵੇ, ਸਾਰੇ ਮੋੜ ਸਿਰਫ਼ 90-ਡਿਗਰੀ ਦੇ ਹਨ।)

Ans
- ✓ A. 3 km ਪੱਛਮ ਵੱਲ
- ✗ B. 3 km ਪੂਰਬ ਵੱਲ
- ✗ C. 4 km ਪੂਰਬ ਵੱਲ
- ✗ D. 4 km ਪੱਛਮ ਵੱਲ

Q.27 ਇੱਕ ਪ੍ਰਸ਼ਨ ਤੋਂ ਬਾਅਦ (I) ਅਤੇ (II) ਨੰਬਰ ਵਾਲੇ ਦੋ ਕਥਨ ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡੇਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਾਂ ਨਹੀਂ। ਦੋਵਾਂ ਕਥਨਾਂ ਨੂੰ ਪੜ੍ਹੋ ਅਤੇ ਸਹੀ ਉੱਤਰ ਦਿਓ।

ਪ੍ਰਸ਼ਨ:
5 ਖੰਭਿਆਂ, W, O, K, G ਅਤੇ Y ਵਿੱਚੋਂ ਹਰੇਕ ਦੀ ਉਚਾਈ ਵੱਖੋ-ਵੱਖਰੀ ਹੈ, ਕਿਹੜਾ ਖੰਭਾ ਸਭ ਤੋਂ ਛੋਟਾ ਹੈ?

ਕਥਨ:
I. Y, O ਤੋਂ ਛੋਟਾ ਹੈ। G, W ਤੋਂ ਛੋਟਾ ਹੈ।
II. G, Y ਤੋਂ ਉੱਚਾ ਹੈ।

Ans
- ✗ A. ਸਿਰਫ਼ ਕਥਨ II ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ I ਦਾ ਡੇਟਾ ਕਾਫ਼ੀ ਨਹੀਂ ਹੈ
- ✗ B. ਦੋਵੇਂ ਕਥਨ I ਅਤੇ II ਇਕੱਠੇ (ਅਤੇ ਸਿਰਫ਼ ਕਥਨ I ਜਾਂ ਸਿਰਫ਼ ਕਥਨ II ਨਹੀਂ) ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹਨ
- ✓ C. ਦੋਵੇਂ ਕਥਨ I ਅਤੇ II ਇਕੱਠੇ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹਨ
- ✗ D. ਸਿਰਫ਼ ਕਥਨ I ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ II ਦਾ ਡੇਟਾ ਕਾਫ਼ੀ ਨਹੀਂ ਹੈ

Q.28 ਇਸ ਪ੍ਰਸ਼ਨ ਵਿੱਚ, ਹੇਠਾਂ ਦਿੱਤੇ ਕੋਡਾਂ ਅਤੇ ਉਸ ਤੋਂ ਬਾਅਦ ਦੀਆਂ ਸ਼ਰਤਾਂ ਦੇ ਅਨੁਸਾਰ ਅੱਖਰ ਕੋਡਾਂ ਦੀ ਵਰਤੋਂ ਕਰਕੇ ਸੰਖਿਆ/ਚਿੰਨ੍ਹ ਦੇ ਸਮੂਹ ਨੂੰ ਕੋਡਬੱਧ ਕੀਤਾ ਗਿਆ ਹੈ। ਸ਼ਰਤਾਂ ਦੀ ਪਾਲਣਾ ਕਰਨ ਵਾਲੇ ਕੋਡਾਂ ਦਾ ਸਹੀ ਸੁਮੇਲ ਤੁਹਾਡਾ ਉੱਤਰ ਹੈ। ਜੇਕਰ ਕੋਈ ਵੀ ਸ਼ਰਤ ਲਾਗੂ ਨਹੀਂ ਹੁੰਦੀ, ਤਾਂ ਸੰਬੰਧਿਤ ਸੰਖਿਆ/ਚਿੰਨ੍ਹ ਲਈ ਕੋਡ ਸਾਰਣੀ ਵਿੱਚ ਦਿੱਤੇ ਅਨੁਸਾਰ ਸਿੱਧੇ ਤੌਰ 'ਤੇ ਪਾਲਣਾ ਕੀਤੇ ਜਾਣਗੇ।

| ਸੰਖਿਆ/ਚਿੰਨ੍ਹ | 6 | * | % | 1 | + | 8 | @ | 3 | ^ | $ |
|---|---|---|---|---|---|---|---|---|---|---|
| ਕੋਡ | X | Z | C | E | H | K | N | Q | T | W |

ਸ਼ਰਤਾਂ –
(i) ਜੇਕਰ ਪਹਿਲਾ ਤੱਤ ਇੱਕ ਸੰਖਿਆ ਹੈ ਅਤੇ ਆਖਰੀ ਇੱਕ ਚਿੰਨ੍ਹ ਹੈ, ਤਾਂ ਇਹਨਾਂ ਦੋਵਾਂ (ਪਹਿਲੇ ਅਤੇ ਆਖਰੀ ਤੱਤ) ਦੇ ਕੋਡਾਂ ਨੂੰ ਆਪਸ ਵਿੱਚ ਬਦਲਣਾ ਹੈ।
(ii) ਜੇਕਰ ਪਹਿਲਾ ਤੱਤ ਇੱਕ ਟਾਂਕ ਸੰਖਿਆ ਹੈ ਅਤੇ ਆਖਰੀ ਇੱਕ ਜਿਸਤ ਸੰਖਿਆ ਹੈ, ਤਾਂ ਪਹਿਲੇ ਅਤੇ ਆਖਰੀ ਤੱਤਾਂ ਨੂੰ © ਦੇ ਰੂਪ ਵਿੱਚ ਕੋਡਬੱਧ ਕੀਤਾ ਜਾਣਾ ਹੈ।
(iii) ਜੇਕਰ ਦੂਜਾ ਅਤੇ ਤੀਜਾ ਤੱਤ ਦੋਵੇਂ ਟਾਂਕ ਸੰਖਿਆਵਾਂ ਹਨ, ਤਾਂ ਤੀਜੇ ਤੱਤ ਨੂੰ ਦੂਜੇ ਤੱਤ ਲਈ ਕੋਡ ਵਜੋਂ ਕੋਡਬੱਧ ਕੀਤਾ ਜਾਣਾ ਹੈ।

ਸੰਖਿਆ-ਚਿੰਨ੍ਹਾਂ ਦੇ ਹੇਠ ਦਿੱਤੇ ਸਮੂਹ ਲਈ ਕੋਡ ਕੀ ਹੈ?
1 8 + 6 $

Ans
- ✗ A. W K K X E
- ✓ B. W K H X E
- ✗ C. E H H X W
- ✗ D. E K H X W

Blackbook

Get India's No 1 Vocab Preparation App for FREE : **Blackbook : English Vocabulary**
GET IT ON Google Play

Q.29 ਜੇਕਰ 'A' ਦਾ ਅਰਥ '÷', 'B' ਦਾ ਅਰਥ '×', 'C' ਦਾ ਅਰਥ '+' ਅਤੇ 'D' ਦਾ ਅਰਥ '–' ਹੈ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ ਪ੍ਰਸ਼ਨ-ਚਿੰਨ੍ਹ (?) ਦੇ ਸਥਾਨ 'ਤੇ ਕੀ ਆਵੇਗਾ?

10 B 5 D 24 A 4 C 8 = ? D 8

Ans
- ✗ A. 70
- ✓ B. 60
- ✗ C. 50
- ✗ D. 40

Q.30 ਇੱਕ ਖ਼ਾਸ ਕੋਡ ਭਾਸ਼ਾ ਵਿੱਚ, 'FACE' ਨੂੰ '6348' ਵਜੋਂ, ਅਤੇ 'CAKE' ਨੂੰ '6734' ਵਜੋਂ ਕੋਡਬੱਧ ਕੀਤਾ ਗਿਆ ਹੈ। ਇਸ ਦਿੱਤੀ ਗਈ ਕੋਡ ਭਾਸ਼ਾ ਵਿੱਚ 'K' ਲਈ ਕੀ ਕੋਡ ਹੈ?

Ans
- ✗ A. 3
- ✗ B. 4
- ✓ C. 7
- ✗ D. 6

Q.31 ਉਸ ਜੋੜੇ ਦੀ ਚੋਣ ਕਰੋ ਜੋ ਉਸੇ ਪੈਟਰਨ ਦੀ ਪਾਲਣਾ ਕਰਦਾ ਹੈ ਜਿਸ ਪੈਟਰਨ ਦੀ ਪਾਲਣਾ ਹੇਠਾਂ ਦਿੱਤੇ ਦੋਵੇਂ ਜੋੜੇ ਕਰਦੇ ਹਨ। ਦੋਵੇਂ ਜੋੜੇ ਇੱਕੋ ਪੈਟਰਨ ਦੀ ਪਾਲਣਾ ਕਰਦੇ ਹਨ।

RVR – NRN
SWS – OSO

Ans
- ✗ A. LPL–GLG
- ✓ B. LPL – HLH
- ✗ C. LOJ–GKG
- ✗ D. LOJ – HLH

Q.32 ਹੇਠਾਂ ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

24 12 12 18 36 ?

Ans
- ✗ A. 80
- ✗ B. 85
- ✗ C. 75
- ✓ D. 90

Q.33 ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਅਧਾਰ 'ਤੇ ਦਿੱਤੀ ਗਈ ਲੜੀ ਵਿੱਚ ਪ੍ਰਸ਼ਨ ਚਿੰਨ੍ਹ (?) ਦੇ ਸਥਾਨ 'ਤੇ ਕੀ ਆਵੇਗਾ?

AZ, BY, CX, DW, ?

Ans
- ✗ A. FU
- ✓ B. EV
- ✗ C. EU
- ✗ D. FV

Q.34 ਜੇਕਰ ਸ਼ਬਦ LANGUID ਦੇ ਹਰੇਕ ਅੱਖਰ ਨੂੰ ਵਰਣਮਾਲਾ ਅਨੁਸਾਰ ਵਿਵਸਥਿਤ ਕੀਤਾ ਜਾਵੇ, ਤਾਂ ਇਸ ਤਰ੍ਹਾਂ ਬਣੇ ਨਵੇਂ ਅੱਖਰਾਂ ਦੇ ਸਮੂਹ ਵਿੱਚ, ਖੱਬੇ ਪਾਸੇ ਤੋਂ ਤੀਜੇ ਅੱਖਰ ਅਤੇ ਸੱਜੇ ਪਾਸੇ ਤੋਂ ਪਹਿਲੇ ਅੱਖਰ ਦੇ ਵਿਚਕਾਰ ਅੰਗਰੇਜ਼ੀ ਵਰਣਮਾਲਾ ਦੇ ਕਿੰਨੇ ਅੱਖਰ ਆਉਂਦੇ ਹਨ?

Ans
- ✓ A. 13
- ✗ B. 16
- ✗ C. 14
- ✗ D. 12

Blackbook

Get India's No 1 Vocab Preparation App for FREE : Blackbook : English Vocabulary

GET IT ON Google Play

Q.35 ਹੇਠਾਂ ਦਿੱਤੀ ਅੱਖਰ ਲੜੀ ਦੇ ਹਵਾਲੇ ਨਾਲ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। ਗਣਨਾਵਾਂ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਹੀ ਕਰਨੀਆਂ ਹਨ।
(ਖੱਬਾ) P O U S I K J Y H B V F T E B G T E X E H Y (ਸੱਜਾ)
ਅਜਿਹੇ ਕਿੰਨੇ ਵਿਅੰਜਨ ਹਨ ਜਿਨ੍ਹਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਸਵਰ ਹੈ ਅਤੇ ਠੀਕ ਬਾਅਦ ਵੀ ਇੱਕ ਸਵਰ ਹੈ?

Ans
✔ A. ਦੋ
✘ B. ਇੱਕ
✘ C. ਤਿੰਨ
✘ D. ਕੋਈ ਨਹੀਂ

Q.36 P, Q, R, S, T, U ਅਤੇ V ਇੱਕੋ ਇਮਾਰਤ ਦੀਆਂ ਸੱਤ ਵੱਖ-ਵੱਖ ਮੰਜ਼ਿਲਾਂ 'ਤੇ ਰਹਿੰਦੇ ਹਨ। ਇਮਾਰਤ ਵਿੱਚ ਸਭ ਤੋਂ ਹੇਠਲੀ ਮੰਜ਼ਿਲ ਦਾ ਨੰਬਰ 1 ਹੈ, ਉਸ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 2 ਹੈ ਅਤੇ ਇਸੇ ਤਰ੍ਹਾਂ ਅਗਲੀਆਂ ਮੰਜ਼ਿਲਾਂ ਸਮੇਤ ਸਭ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 7 ਹੈ। R ਇੱਕ ਜਿਸਤ ਨੰਬਰ ਵਾਲੀ ਮੰਜ਼ਿਲ 'ਤੇ ਰਹਿੰਦਾ ਹੈ। R ਅਤੇ U ਦੇ ਵਿਚਕਾਰ ਸਿਰਫ਼ ਤਿੰਨ ਵਿਅਕਤੀ ਰਹਿੰਦੇ ਹਨ। T, V ਦੇ ਠੀਕ ਉੱਪਰ ਪਰ Q ਦੇ ਠੀਕ ਹੇਠਾਂ ਰਹਿੰਦਾ ਹੈ। R ਅਤੇ S ਦੀਆਂ ਮੰਜ਼ਿਲਾਂ ਦੇ ਨੰਬਰਾਂ ਦਾ ਜੋੜ 10 ਤੋਂ ਵੱਧ ਹੈ। ਇੱਕ ਖਾਸ ਤਰਕ ਦੇ ਅਨੁਸਾਰ, ਦਿੱਤੀ ਗਈ ਤਰਤੀਬ ਵਿੱਚ S ਦਾ ਸਬੰਧ ਮੰਜ਼ਿਲ ਨੰਬਰ 5 ਨਾਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ Q ਦਾ ਸਬੰਧ ਮੰਜ਼ਿਲ ਨੰਬਰ 3 ਨਾਲ ਹੈ। ਉਸੇ ਤਰਕ ਦੀ ਪਾਲਣਾ ਕਰਦੇ ਹੋਏ, ਹੇਠਾਂ ਦਿੱਤੇ ਮੰਜ਼ਿਲ ਨੰਬਰਾਂ ਵਿੱਚੋਂ T ਕਿਸ ਨਾਲ ਸਬੰਧਿਤ ਹੈ?

Ans
✘ A. 6
✘ B. 4
✘ C. 1
✔ D. 2

Q.37 A, B, C, D, E ਅਤੇ F ਇੱਕੋ ਇਮਾਰਤ ਦੀਆਂ ਛੇ ਵੱਖ-ਵੱਖ ਮੰਜ਼ਿਲਾਂ 'ਤੇ ਰਹਿੰਦੇ ਹਨ। ਇਮਾਰਤ ਵਿੱਚ ਸਭ ਤੋਂ ਹੇਠਲੀ ਮੰਜ਼ਿਲ ਦਾ ਨੰਬਰ 1 ਹੈ, ਉਸ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 2 ਹੈ ਅਤੇ ਇਸੇ ਕ੍ਰਮ ਵਿੱਚ ਚਲਦੇ ਹੋਏ ਅਗਲੀਆਂ ਮੰਜ਼ਿਲਾਂ ਸਮੇਤ ਸਭ ਤੋਂ ਉੱਪਰਲੀ ਮੰਜ਼ਿਲ ਦਾ ਨੰਬਰ 6 ਹੈ।
E ਇੱਕ ਅਭਾਜ ਨੰਬਰ ਵਾਲੀ ਮੰਜ਼ਿਲ 'ਤੇ ਰਹਿੰਦਾ ਹੈ। E ਅਤੇ A ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਗੁਣਨਫਲ 8 ਹੈ। B, F ਦੇ ਠੀਕ ਉੱਪਰ ਰਹਿੰਦਾ ਹੈ। A ਅਤੇ C ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਜੋੜ 7 ਹੈ।
A ਅਤੇ B ਜਿਹੜੀਆਂ ਮੰਜ਼ਿਲਾਂ 'ਤੇ ਰਹਿੰਦੇ ਹਨ, ਉਹਨਾਂ ਦਾ ਜੋੜ ਕਿੰਨਾ ਹੈ?

Ans
✘ A. 9
✘ B. 8
✔ C. 10
✘ D. 11

Q.38 ਅੰਗਰੇਜ਼ੀ ਵਰਣਮਾਲਾ ਕ੍ਰਮ ਦੇ ਆਧਾਰ 'ਤੇ, ਹੇਠਾਂ ਦਿੱਤੇ ਚਾਰ ਅੱਖਰ-ਸਮੂਹ ਜੋੜਿਆਂ ਵਿੱਚੋਂ ਤਿੰਨ ਇੱਕ ਖਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਅੱਖਰ-ਸਮੂਹ ਜੋੜਾ ਉਸ ਸਮੂਹ ਨਾਲ ਅਸੰਗਤ ਹੈ?
(ਨੋਟ: ਅੱਖਰ-ਸਮੂਹ ਜੋੜੇ ਵਿੱਚ ਅਸੰਗਤ ਵਿਅੰਜਨਾ/ਸਵਰਾਂ ਦੀ ਸੰਖਿਆ ਜਾਂ ਉਹਨਾਂ ਦੀ ਸਥਿਤੀ 'ਤੇ ਅਧਾਰਿਤ ਨਹੀਂ ਹੈ।)

Ans
✘ A. QM–NJ
✔ B. NJ–JI
✘ C. EA–BX
✘ D. IE–FB

Q.39 ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ, ਹੇਠਾਂ ਦਿੱਤੇ ਚਾਰ ਅੱਖਰ-ਸਮੂਹ ਜੋੜਿਆਂ ਵਿੱਚੋਂ ਤਿੰਨ ਇੱਕ ਖ਼ਾਸ ਤਰੀਕੇ ਅਨੁਸਾਰ ਸੰਗਤ ਹਨ ਅਤੇ ਇਸ ਤਰ੍ਹਾਂ ਇੱਕ ਸਮੂਹ ਬਣਾਉਂਦੇ ਹਨ। ਕਿਹੜਾ ਅੱਖਰ-ਸਮੂਹ ਜੋੜਾ ਉਸ ਸਮੂਹ ਨਾਲ ਸੰਬੰਧਿਤ ਨਹੀਂ ਹੈ?
(ਨੋਟ : ਅਸੰਗਤ, ਅੱਖਰ-ਸਮੂਹ ਵਿੱਚ ਵਿਅੰਜਨਾਂ/ਸਵਰਾਂ ਦੀ ਸੰਖਿਆ ਜਾਂ ਉਹਨਾਂ ਦੇ ਸਥਾਨ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ ਹੈ।)

Ans
✘ A. AB - EG
✔ B. JH - KM
✘ C. XY - BD
✘ D. LM - PR

Blackbook

Get India's No 1 Vocab Preparation App for FREE : Blackbook : English Vocabulary
GET IT ON Google Play

Q.40 ਦਿੱਤੀ ਗਈ ਲੜੀ ਵਿੱਚ '?' ਦੇ ਸਥਾਨ 'ਤੇ ਕੀ ਆਉਣਾ ਚਾਹੀਦਾ ਹੈ?

8 10 13 18 25 ?

Ans
- ✗ A. 37
- ✗ B. 33
- ✗ C. 31
- ✓ D. 36

Q.41 ਇਸ ਪ੍ਰਸ਼ਨ ਵਿੱਚ, ਇੱਕ ਪ੍ਰਸ਼ਨ ਤੋਂ ਬਾਅਦ (I) ਅਤੇ (II) ਨੰਬਰ ਵਾਲੇ ਦੋ ਕਥਨ ਦਿੱਤੇ ਗਏ ਹਨ। ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਕਥਨਾਂ ਵਿੱਚ ਦਿੱਤਾ ਗਿਆ ਡੇਟਾ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਾਂ ਨਹੀਂ। ਦੋਵੇਂ ਕਥਨਾਂ ਨੂੰ ਪੜ੍ਹੋ ਅਤੇ ਢੁਕਵੇਂ ਉੱਤਰ ਦਾ ਫੈਸਲਾ ਕਰੋ।
5 ਖੰਭਿਆਂ A, B, D, I ਅਤੇ Y ਵਿੱਚੋਂ ਹਰੇਕ ਦੀ ਉਚਾਈ ਵੱਖੋ-ਵੱਖਰੀ ਹੈ, ਕਿਹੜਾ ਖੰਭਾ ਸਭ ਤੋਂ ਉੱਚਾ ਹੈ?

(I) D ਸਿਰਫ਼ ਇੱਕ ਖੰਭੇ ਤੋਂ ਉੱਚਾ ਹੈ। I, B ਤੋਂ ਛੋਟਾ ਹੈ ਪਰ A ਤੋਂ ਉੱਚਾ ਹੈ।
(II) I, Y ਤੋਂ ਉੱਚਾ ਹੈ।

Ans
- ✗ A. ਦੋਵੇਂ ਕਥਨ I ਅਤੇ II ਇਕੱਠੇ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਨਹੀਂ ਹਨ
- ✗ B. ਸਿਰਫ਼ ਕਥਨ I ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ II ਦਾ ਡੇਟਾ ਕਾਫ਼ੀ ਨਹੀਂ ਹੈ
- ✓ C. ਦੋਵੇਂ ਕਥਨ I ਅਤੇ II ਇਕੱਠੇ (ਅਤੇ ਸਿਰਫ਼ ਕਥਨ I ਜਾਂ ਸਿਰਫ਼ ਕਥਨ II ਨਹੀਂ) ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹਨ
- ✗ D. ਸਿਰਫ਼ ਕਥਨ II ਦਾ ਡੇਟਾ ਹੀ ਪ੍ਰਸ਼ਨ ਦਾ ਉੱਤਰ ਦੇਣ ਲਈ ਕਾਫ਼ੀ ਹੈ ਜਦੋਂ ਕਿ ਕਥਨ I ਦਾ ਡੇਟਾ ਕਾਫ਼ੀ ਨਹੀਂ ਹੈ

Q.42 24 ਇੱਕ ਖਾਸ ਤਰਕ ਦੀ ਪਾਲਣਾ ਕਰਦੇ ਹੋਏ 192 ਨਾਲ ਸੰਬੰਧਿਤ ਹੈ। ਉਸੇ ਤਰਕ ਦੀ ਪਾਲਣਾ ਕਰਦੇ ਹੋਏ, 19 ਦਾ ਸੰਬੰਧ 152 ਨਾਲ ਹੈ? ਉਸੇ ਤਰਕ ਦੀ ਪਾਲਣਾ ਕਰਦੇ ਹੋਏ, ਹੇਠਾਂ ਦਿੱਤੇ ਵਿੱਚੋਂ 32 ਕਿਸ ਨਾਲ ਸੰਬੰਧਿਤ ਹੈ?
(ਨੋਟ: ਸੰਖਿਆਵਾਂ ਨੂੰ ਇਨ੍ਹਾਂ ਦੇ ਘਟਕ ਅੰਕਾਂ ਵਿੱਚ ਵੱਖ ਕੀਤੇ ਬਿਨ੍ਹਾਂ, ਗਣਿਤਕ ਕਿਰਿਆਵਾਂ ਸੰਪੂਰਨ ਸੰਖਿਆਵਾਂ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। 13 ਨੂੰ ਉਦਾਹਰਨ ਵਜੋਂ ਲੈਂਦੇ ਹੋਏ, 13 ਉੱਤੇ ਗਣਿਤਕ ਕਿਰਿਆਵਾਂ ਜਿਵੇਂ ਜੋੜ/ਘਟਾਓ/ਗੁਣਾਂ ਆਦਿ 13 ਉੱਤੇ ਹੀ ਕੀਤੀਆਂ ਜਾ ਸਕਦੀਆਂ ਹਨ। 13 ਨੂੰ 1 ਅਤੇ 3 ਵਿੱਚ ਵੱਖ ਕਰਨ ਅਤੇ ਫ਼ਿਰ 1 ਅਤੇ 3 ਉੱਤੇ ਗਣਿਤਕ ਕਿਰਿਆਵਾਂ ਕਰਨ ਦੀ ਇਜਾਜ਼ਤ ਨਹੀਂ ਹੈ।)

Ans
- ✓ A. 256
- ✗ B. 236
- ✗ C. 226
- ✗ D. 216

Q.43 ਇੱਕ ਖਾਸ ਕੋਡ ਭਾਸ਼ਾ ਵਿੱਚ, 'cup drama tale' ਨੂੰ 'fi gh qf' ਵਜੋਂ ਅਤੇ 'ear tale mask' ਨੂੰ 'pq dy fi' ਵਜੋਂ ਕੋਡਬੱਧ ਕੀਤਾ ਜਾਂਦਾ ਹੈ। ਦਿੱਤੀ ਗਈ ਭਾਸ਼ਾ ਵਿੱਚ 'tale' ਨੂੰ ਕਿਸ ਤਰ੍ਹਾਂ ਕੋਡਬੱਧ ਕੀਤਾ ਜਾਵੇਗਾ?

Ans
- ✗ A. qf
- ✗ B. gh
- ✓ C. fi
- ✗ D. pq

Q.44 ਹੇਠਾਂ ਦਿੱਤੀ ਅੱਖਰ ਲੜੀ ਦੇ ਹਵਾਲੇ ਨਾਲ ਅੱਗੇ ਦਿੱਤੇ ਪ੍ਰਸ਼ਨ ਦਾ ਉੱਤਰ ਦਿਓ। ਗਣਨਾ ਖੱਬੇ ਤੋਂ ਸੱਜੇ ਪਾਸੇ ਵੱਲ ਹੀ ਕੀਤੀ ਜਾਣੀ ਹੈ।
(ਖੱਬੇ) M B Y Q U Z S H C E R A K T D O F X I G W (ਸੱਜੇ)
ਇਸ ਲੜੀ ਵਿੱਚ ਅਜਿਹੇ ਕਿੰਨੇ ਵਿਅੰਜਨ ਹਨ, ਜਿਨ੍ਹਾਂ ਵਿੱਚੋਂ ਹਰੇਕ ਦੇ ਠੀਕ ਪਹਿਲਾਂ ਇੱਕ ਸਵਰ ਹੈ ਅਤੇ ਠੀਕ ਬਾਅਦ ਵੀ ਇੱਕ ਸਵਰ ਹੈ?

Ans
- ✗ A. ਤਿੰਨ
- ✗ B. ਕੋਈ ਨਹੀਂ
- ✓ C. ਇੱਕ
- ✗ D. ਦੋ

Q.45 IHEF ਅੰਗਰੇਜ਼ੀ ਵਰਣਮਾਲਾ ਦੇ ਕ੍ਰਮ ਦੇ ਆਧਾਰ 'ਤੇ ਇੱਕ ਖਾਸ ਤਰੀਕੇ ਨਾਲ BAXY ਨਾਲ ਸਬੰਧਿਤ ਹੈ। ਉਸੇ ਤਰ੍ਹਾਂ, XWTU ਦਾ ਸਬੰਧ QPMN ਨਾਲ ਹੈ। ਇਸੇ ਤਰਕ ਦੀ ਪਾਲਣਾ ਕਰਦੇ ਹੋਏ, SROP ਹੇਠ ਲਿਖਿਆਂ ਵਿੱਚੋਂ ਕਿਸ ਨਾਲ ਸਬੰਧਿਤ ਹੈ?

Ans
- ✗ A. LLGP
- ✓ B. LKHI
- ✗ C. LKGI
- ✗ D. LJGI

Blackbook

Get India's No 1 Vocab Preparation App for FREE : Blackbook : English Vocabulary

GET IT ON Google Play

**Q.46** ਸੱਤ ਵਿਅਕਤੀ A, B, C, D, X, Y ਅਤੇ Z ਇੱਕ ਕਤਾਰ ਵਿੱਚ, ਉੱਤਰ ਵੱਲ ਮੁੱਖ ਕਰਕੇ ਬੈਠੇ ਹਨ। C ਦੇ ਸੱਜੇ ਪਾਸੇ ਸਿਰਫ਼ X ਬੈਠਾ ਹੈ। C ਅਤੇ D ਦੇ ਵਿਚਕਾਰ ਸਿਰਫ਼ ਤਿੰਨ ਵਿਅਕਤੀ ਬੈਠੇ ਹਨ। A, Y ਦੇ ਖੱਬੇ ਪਾਸੇ ਤੀਜੇ ਸਥਾਨ 'ਤੇ ਬੈਠਾ ਹੈ। B, C ਦੇ ਠੀਕ ਨਾਲ ਨਹੀਂ ਬੈਠਾ ਹੈ। D ਦੇ ਸੱਜੇ ਪਾਸੇ ਤੀਜੇ ਸਥਾਨ 'ਤੇ ਕੌਣ ਬੈਠਾ ਹੈ?

**Ans**
- ✔ A. Z
- ✗ B. B
- ✗ C. A
- ✗ D. X

**Q.47** ਜੇਕਰ '+' ਦਾ ਅਰਥ '-', '-' ਦਾ ਅਰਥ '×', '×' ਦਾ ਅਰਥ '÷', ਅਤੇ '÷' ਦਾ ਅਰਥ '+' ਹੈ, ਤਾਂ ਹੇਠਾਂ ਦਿੱਤੀ ਸਮੀਕਰਨ ਦਾ ਮੁੱਲ ਕੀ ਹੋਵੇਗਾ?
**5 - 16 ÷ 4 + 12 × 3 = ?**

**Ans**
- ✗ A. 85
- ✔ B. 80
- ✗ C. 90
- ✗ D. 95

**Q.48** ਜੇਕਰ ਸ਼ਬਦ MARKET ਦੇ ਹਰੇਕ ਅੱਖਰ ਨੂੰ ਵਰਣਮਾਲਾ ਦੇ ਕ੍ਰਮ ਅਨੁਸਾਰ ਵਿਵਸਥਿਤ ਕੀਤਾ ਜਾਵੇ, ਤਾਂ ਕਿੰਨੇ ਅੱਖਰ ਆਪਣੀ ਮੂਲ ਸਥਿਤੀ ਵਿੱਚ ਹੀ ਰਹਿਣਗੇ?

**Ans**
- ✗ A. ਦੋ
- ✗ B. ਤਿੰਨ
- ✔ C. ਇੱਕ
- ✗ D. ਕੋਈ ਨਹੀਂ

**Q.49** S, G ਦਾ ਭਰਾ ਹੈ। G, U ਦਾ ਪਿਤਾ ਹੈ। H, M ਦਾ ਪਿਤਾ ਹੈ। M, U ਦਾ ਪੁੱਤਰ ਹੈ। H ਦਾ S ਨਾਲ ਕੀ ਸਬੰਧ ਹੈ?

**Ans**
- ✔ A. ਭਰਾ ਦੀ ਧੀ ਦਾ ਪਤੀ
- ✗ B. ਪਤੀ
- ✗ C. ਭਰਾ ਦੀ ਪਤਨੀ ਦਾ ਭਰਾ
- ✗ D. ਭੈਣ ਦਾ ਪਤੀ

**Q.50** ਜੇਕਰ '+' ਅਤੇ '÷' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ ਅਤੇ '-' ਅਤੇ 'x' ਨੂੰ ਆਪਸ ਵਿੱਚ ਬਦਲ ਦਿੱਤਾ ਜਾਵੇ, ਤਾਂ ਹੇਠਾਂ ਦਿੱਤੀ ਸਮੀਕਰਨ ਵਿੱਚ '?' ਦੇ ਸਥਾਨ 'ਤੇ ਕੀ ਆਵੇਗਾ?

**195 + 3 x 22 - 6 ÷ 117 = ?**

**Ans**
- ✗ A. 57
- ✗ B. 51
- ✗ C. 43
- ✔ D. 50

Section : **General Science**

**Q.51** ਮੀਂਹ ਤੋਂ ਬਾਅਦ, ਜਦੋਂ ਸੂਰਜ ਦਾ ਪ੍ਰਕਾਸ਼ ਹਵਾ ਵਿੱਚ ਮੌਜੂਦ ਪਾਣੀ ਦੀਆਂ ਬੂੰਦਾਂ ਤੋਂ ਗੁਜ਼ਰਦਾ ਹੈ, ਤਾਂ ਸਤਰੰਗੀ ਪੀਂਘ ਦਿਖਾਈ ਦਿੰਦੀ ਹੈ। ਕਿਹੜੀ ਪ੍ਰਕਿਰਿਆ ਮੁੱਖ ਤੌਰ 'ਤੇ ਸਤਰੰਗੀ ਪੀਂਘ ਵਿੱਚ ਦਿਖਾਈ ਦੇਣ ਵਾਲੇ ਰੰਗਾਂ ਦੇ ਵੱਖ ਹੋਣ ਦਾ ਕਾਰਨ ਬਣਦੀ ਹੈ?

**Ans**
- ✗ A. ਹਵਾ ਦੇ ਅਣੂਆਂ ਦੁਆਰਾ ਸੂਰਜ ਦੇ ਪ੍ਰਕਾਸ਼ ਦਾ ਖਿੰਡਾਅ
- ✗ B. ਪਾਣੀ ਦੀਆਂ ਬੂੰਦਾਂ ਦੁਆਰਾ ਸੂਰਜ ਦੇ ਪ੍ਰਕਾਸ਼ ਦਾ ਸੋਖਣ
- ✗ C. ਮੀਂਹ ਦੀਆਂ ਬੂੰਦਾਂ ਦੀ ਸਤ੍ਹਾ ਤੋਂ ਸੂਰਜ ਦੇ ਪ੍ਰਕਾਸ਼ ਦਾ ਪਰਾਵਰਤਨ
- ✔ D. ਪਾਣੀ ਦੀਆਂ ਬੂੰਦਾਂ ਵਿੱਚ ਸੂਰਜ ਦੇ ਪ੍ਰਕਾਸ਼ ਦਾ ਅਪਵਰਤਨ ਅਤੇ ਫਿਰ ਵਿਖੇਪਣ

**Q.52** ਇੱਕ ਇਲੈਕਟ੍ਰਿਕ ਮੋਟਰ ਦੀ ਰੇਟਿੰਗ 250 W ਹੈ। ਭੌਤਿਕ ਵਿਗਿਆਨ ਦੇ ਪ੍ਰਯੋਗ ਵਿੱਚ, ਇਸਦੀ ਵਰਤੋਂ 7500 J ਕਾਰਜ ਕਰਨ ਵਾਲੇ ਲੋਡ ਨੂੰ ਚੁੱਕਣ ਲਈ ਕੀਤੀ ਜਾਂਦੀ ਹੈ। ਇਸ ਸੰਦਰਭ ਵਿੱਚ ਰੇਟਿੰਗ ਕੀ ਦਰਸਾਉਂਦੀ ਹੈ?

**Ans**
- ✗ A. ਮੋਟਰ ਕਾਰਜ ਕਰਨ ਲਈ 250 J ਊਰਜਾ ਸਟੋਰ ਕਰਦੀ ਹੈ
- ✗ B. ਮੋਟਰ 30 ਸਕਿੰਟਾਂ ਲਈ 250 N ਬਲ ਲਗਾਉਂਦੀ ਹੈ
- ✔ C. ਮੋਟਰ ਪੂਰੀ ਪਾਵਰ ਨਾਲ 30 ਸਕਿੰਟ ਵਿੱਚ 7500 J ਕਾਰਜ ਕਰ ਸਕਦੀ ਹੈ
- ✗ D. ਮੋਟਰ ਅਧਿਕਤਮ 7500 J ਹੀ ਕਾਰਜ ਕਰ ਸਕਦੀ ਹੈ

Blackbook

Get India's No 1 Vocab Preparation App for FREE : **Blackbook : English Vocabulary**

GET IT ON Google Play

**Q.53** ਜਦੋਂ ਦੋ ਵੱਖ-ਵੱਖ ਪੁੰਜ ਵਾਲੀਆਂ ਵਸਤੂਆਂ ਸਮਾਨ ਦਰ ਨਾਲ ਪ੍ਰਵੇਗਿਤ ਹੁੰਦੀਆਂ ਹਨ, ਤਾਂ ਨਿਊਟਨ ਦੇ ਦੂਜੇ ਨਿਯਮ ਦੇ ਅਨੁਸਾਰ ਉਹਨਾਂ 'ਤੇ ਕਾਰਜਗਤ ਬਲਾਂ ਬਾਰੇ ਕੀ ਅਨੁਮਾਨ ਲਗਾਇਆ ਜਾ ਸਕਦਾ ਹੈ?

**Ans**
- ✗ A. ਹਲਕਾ ਵਸਤੂ ਵਧੇਰੇ ਬਲ ਅਨੁਭਵ ਕਰਦੀ ਹੈ ਕਿਉਂਕਿ ਇਹ ਤੇਜ਼ ਚਲਦੀ ਹੈ।
- ✗ B. ਦੋਵੇਂ ਵਸਤੂਆਂ ਬਰਾਬਰ ਬਲ ਦਾ ਅਨੁਭਵ ਕਰਦੀਆਂ ਹਨ ਕਿਉਂਕਿ ਪ੍ਰਵੇਗ ਸਮਾਨ ਹੁੰਦਾ ਹੈ।
- ✓ C. ਭਾਰੀ ਵਸਤੂ ਆਪਣੇ ਵੱਡੇ ਪੁੰਜ ਦੇ ਕਾਰਨ ਵਧੇਰੇ ਬਲ ਦਾ ਅਨੁਭਵ ਕਰਦੀ ਹੈ।
- ✗ D. ਜਦੋਂ ਪ੍ਰਵੇਗ ਸਥਿਰ ਹੁੰਦਾ ਹੈ ਤਾਂ ਬਲ ਪੁੰਜ 'ਤੇ ਨਿਰਭਰ ਨਹੀਂ ਕਰਦਾ ਹੈ।

**Q.54** ਜੇਕਰ ਕੋਈ ਸਾਈਕਲ ਸਵਾਰ, 'T' ਘੰਟਿਆਂ ਵਿੱਚ 'D' ਕਿਲੋਮੀਟਰ ਦੀ ਦੂਰੀ ਤੈਅ ਕਰਦਾ ਹੈ, ਤਾਂ ਕਿਹੜਾ ਸੂਤਰ ਔਸਤ ਚਾਲ ਨੂੰ ਸਹੀ ਢੰਗ ਨਾਲ ਦਰਸਾਉਂਦਾ ਹੈ?

**Ans**
- ✗ A. ਔਸਤ ਚਾਲ = D - T
- ✗ B. ਔਸਤ ਚਾਲ = T/D
- ✓ C. ਔਸਤ ਚਾਲ = D/T
- ✗ D. ਔਸਤ ਚਾਲ = D x T

**Q.55** ਜਦੋਂ ਕੋਈ ਗੇਂਦ ਉਚਾਈ ਤੋਂ ਮੁਕਤ ਰੂਪ ਵਿੱਚ ਡਿੱਗਦੀ ਹੈ, ਤਾਂ ਊਰਜਾ ਸੁਰੱਖਿਅਣ ਦੇ ਨਿਯਮ ਅਨੁਸਾਰ ਇਸਦੀ ਸਥਿਤਿਜ ਅਤੇ ਗਤਿਜ ਊਰਜਾ ਦਾ ਕੀ ਹੁੰਦਾ ਹੈ?

**Ans**
- ✓ A. ਸਥਿਤਿਜ ਊਰਜਾ ਘਟਦੀ ਹੈ ਅਤੇ ਗਤਿਜ ਊਰਜਾ ਵਧਦੀ ਹੈ
- ✗ B. ਦੋਵੇਂ ਊਰਜਾਵਾਂ ਤੁਰੰਤ ਤਾਪ ਦੇ ਰੂਪ ਵਿੱਚ ਖਤਮ ਹੋ ਜਾਂਦੀਆਂ ਹਨ
- ✗ C. ਸਥਿਤਿਜ ਊਰਜਾ ਵਧਦੀ ਹੈ ਅਤੇ ਗਤਿਜ ਊਰਜਾ ਘਟਦੀ ਹੈ
- ✗ D. ਦੋਵੇਂ ਊਰਜਾਵਾਂ ਇੱਕੋ ਸਮੇਂ ਘਟਦੀਆਂ ਹਨ

**Q.56** ਹੇਠ ਲਿਖਿਆਂ ਵਿੱਚੋਂ ਕਿਹੜਾ ਵਿਕਲਪ ਦਰਸਾਉਂਦਾ ਹੈ ਕਿ ਸੂਖਮ-ਦਰਸ਼ੀ ਦੇ ਵਿਕਾਸ ਨੇ ਜੈਵਿਕ ਵਰਗੀਕਰਨ ਪ੍ਰਣਾਲੀਆਂ ਵਿੱਚ ਬਦਲਾਵ ਲਿਆਉਣ ਵਿੱਚ ਕਿਵੇਂ ਯੋਗਦਾਨ ਪਾਇਆ?

**Ans**
- ✗ A. ਇਸਨੇ ਪੁਸ਼ਟੀ ਕੀਤੀ ਕਿ ਸਾਰੇ ਜੀਵ ਪੌਦਿਆਂ ਜਾਂ ਜੰਤੂਆਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ
- ✗ B. ਇਸਨੇ ਵਿਗਿਆਨੀਆਂ ਨੂੰ ਸਿਰਫ਼ ਦ੍ਰਿਸ਼ਮਾਨ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਕੇ ਜੀਵਾਂ ਦਾ ਵਰਗੀਕਰਨ ਕਰਨ ਦੇ ਯੋਗ ਬਣਾਇਆ
- ✓ C. ਇਸਨੇ ਵਿਗਿਆਨੀਆਂ ਨੂੰ ਪਹਿਲਾਂ ਅਗਿਆਤ ਸੂਖਮ ਜੀਵਾਂ ਦਾ ਨਿਰੀਖਣ ਅਤੇ ਪਛਾਣ ਕਰਨ ਦੀ ਸੁਵਿਧਾ ਦਿੱਤੀ
- ✗ D. ਇਸਨੇ ਜੀਵਾਂ ਨੂੰ ਵੱਖਰੇ ਜਗਤਾਂ ਵਿੱਚ ਵਰਗੀਕ੍ਰਿਤ ਕਰਨ ਦੀ ਜ਼ਰੂਰਤ ਨੂੰ ਘਟਾ ਦਿੱਤਾ।

**Q.57** ਉੱਤਲ ਦਰਪਣਾਂ ਦਾ ਕਿਹੜਾ ਗੁਣ ਉਹਨਾਂ ਨੂੰ ਸੁਰੱਖਿਆ ਉਦੇਸ਼ਾਂ ਲਈ ਸ਼ਾਪਿੰਗ ਮਾਲਾਂ ਵਿੱਚ ਵਰਤੋਂ ਲਈ ਢੁਕਵਾਂ ਬਣਾਉਂਦਾ ਹੈ?

**Ans**
- ✗ A. ਇਹ ਪ੍ਰਕਾਸ਼ ਨੂੰ ਸਮਾਨਾਂਤਰ ਕਿਰਨਾਂ ਵਿੱਚ ਪਰਾਵਰਤਿਤ ਕਰਦੇ ਹਨ।
- ✗ B. ਇਹ ਪ੍ਰਤੀਬਿੰਬ ਨੂੰ ਵੱਡਾ ਕਰਦੇ ਹਨ।
- ✗ C. ਇਹ ਪ੍ਰਤੀਬਿੰਬ ਨੂੰ ਉਲਟਾਉਂਦੇ ਹਨ।
- ✓ D. ਇਹ ਦ੍ਰਿਸ਼ ਦਾ ਵਿਸ਼ਾਲ ਖੇਤਰ ਪ੍ਰਦਾਨ ਕਰਦੇ ਹਨ।

**Q.58** 2 kg ਪੁੰਜ (mass) ਵਾਲੀ ਇੱਕ ਵਸਤੂ 5 m ਦੀ ਉਚਾਈ 'ਤੇ ਰੱਖੀ ਗਈ ਹੈ। ਇਸਦੀ ਸਥਿਤੀਜ ਊਰਜਾ__________ਹੈ। ($g=10\ m/s^2$ ਲਓ)

**Ans**
- ✗ A. 50 J
- ✓ B. 100 J
- ✗ C. 5 J
- ✗ D. 10 J

**Q.59** ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਵਰਣਨ ਕਰਦਾ ਹੈ ਕਿ ਨੋਬਲ ਗੈਸਾਂ ਦੀ ਸੰਯੋਜਕਤਾ ਜ਼ੀਰੋ ਕਿਉਂ ਹੁੰਦੀ ਹੈ?

**Ans**
- ✗ A. ਉਹ ਕਿਸੇ ਵੀ ਸਥਿਤੀ ਵਿੱਚ ਆਇਨ ਨਹੀਂ ਬਣਾ ਸਕਦੀਆਂ
- ✗ B. ਉਹਨਾਂ ਕੋਲ ਪ੍ਰਤੀਕਿਰਿਆ ਕਰਨ ਲਈ ਬਾਹਰੀ ਸ਼ੈੱਲ ਵਿੱਚ ਕੋਈ ਇਲੈਕਟ੍ਰੌਨ ਮੌਜੂਦ ਨਹੀਂ ਹੁੰਦਾ
- ✓ C. ਉਹਨਾਂ ਦਾ ਸਭ ਤੋਂ ਬਾਹਰੀ ਸ਼ੈੱਲ ਪਹਿਲਾਂ ਹੀ ਪੂਰਾ ਅਤੇ ਸਥਿਰ ਹੁੰਦਾ ਹੈ
- ✗ D. ਉਹ ਆਵਰਤੀ ਸਾਰਣੀ ਵਿੱਚ ਸਭ ਤੋਂ ਛੋਟੇ ਪਰਮਾਣੂ ਹੁੰਦੀਆਂ ਹਨ

**Q.60** ਬਿਜਲਈ ਅਪਘਟਨ ਰਾਹੀਂ ਕੋਲਾਇਡਲ ਕਣਾਂ ਨੂੰ ਹੇਠਾਂ ਬਿਠਾਉਣ ਦੀ ਪ੍ਰਕਿਰਿਆ ਨੂੰ ਕੀ ਕਿਹਾ ਜਾਂਦਾ ਹੈ?

**Ans**
- ✗ A. ਪੇਪਟਾਈਜ਼ੇਸ਼ਨ (peptisation)
- ✓ B. ਕੋਅਗੁਲੇਸ਼ਨ (coagulation)
- ✗ C. ਇਮਲਸੀਫਿਕੇਸ਼ਨ (emulsification)
- ✗ D. ਡਾਇਲਿਸਿਸ (dialysis)

Blackbook

Get India's No 1 Vocab Preparation App for FREE : Blackbook : English Vocabulary

GET IT ON Google Play

Q.61 ਵਸਤਾਂ ਧੋਣ ਵਾਲੇ ਸੋਡੇ ਦਾ ਰਸਾਇਣਕ ਸੂਤਰ ਕੀ ਹੈ?

Ans
- ✗ A. NaCl
- ✓ B. $Na_2CO_3 \cdot 10H_2O$
- ✗ C. $NaHCO_3$
- ✗ D. $CaCO_3$

Q.62 ਗੋਲਾਕਾਰ ਦਰਪਣ ਦੇ ਸੰਦਰਭ ਵਿੱਚ, ਧਰੁਵ 'ਤੇ ਮੁੱਖ ਧੁਰੇ ਅਤੇ ਸਧਾਰਣ ਵਿਚਕਾਰ ਕੀ ਸੰਬੰਧ ਹੈ?

Ans
- ✗ A. ਮੁੱਖ ਧੁਰਾ, ਧਰੁਵ 'ਤੇ ਦਰਪਣ ਦੀ ਸਤ੍ਹਾ ਦੇ ਸਮਾਨਅੰਤਰ ਹੁੰਦਾ ਹੈ
- ✓ B. ਮੁੱਖ ਧੁਰਾ, ਧਰੁਵ 'ਤੇ ਦਰਪਣ ਦੀ ਸਤ੍ਹਾ ਦੇ ਲੰਬਵਤ ਹੁੰਦਾ ਹੈ
- ✗ C. ਮੁੱਖ ਧੁਰਾ, ਧਰੁਵ 'ਤੇ ਦਰਪਣ ਦੀ ਸਤ੍ਹਾ ਨਾਲ 45-ਡਿਗਰੀ ਦਾ ਕੋਣ ਬਣਾਉਂਦਾ ਹੈ
- ✗ D. ਮੁੱਖ ਧੁਰਾ, ਧਰੁਵ 'ਤੇ ਦਰਪਣ ਦੀ ਸਤ੍ਹਾ ਦੀ ਸਪਰਸ਼ ਰੇਖਾ ਹੁੰਦਾ ਹੈ

Q.63 ਇੱਕ ਵਿਦਿਆਰਥੀ X ਅਤੇ Y ਬਿੰਦੂਆਂ ਵਿਚਕਾਰ ਕਾਪਰ ਦੀ ਤਾਰ ਨੂੰ ਪਲਾਸਟਿਕ ਦੇ ਧਾਗੇ ਨਾਲ ਬਦਲ ਕੇ ਪ੍ਰਯੋਗ ਵਿੱਚ ਸੋਧ ਕਰਦਾ ਹੈ, ਜਦੋਂ ਕਿ ਬਾਕੀ ਸਾਰੀਆਂ ਸਥਿਤੀਆਂ ਵਿੱਚ ਬਦਲਾਅ ਨਹੀਂ ਕੀਤਾ ਜਾਂਦਾ। ਕੰਪਾਸ ਦੀ ਸੂਈ ਦੇ ਸੰਬੰਧ ਵਿੱਚ ਅਨੁਮਾਨਿਤ ਨਿਰੀਖਣ ਕੀ ਹੋਵੇਗਾ ਅਤੇ ਕਿਉਂ?

Ans
- ✗ A. ਧਾਗੇ ਅਤੇ ਸੁਪੋਰਟ ਦੇ ਵਿਚਕਾਰ ਰਗੜ ਕਾਰਨ ਕੰਪਾਸ ਦੀ ਸੂਈ ਥੋੜ੍ਹੀ ਜਿਹੀ ਵਿਚਲਿਤ ਹੋਵੇਗੀ।
- ✓ B. ਕੰਪਾਸ ਦੀ ਸੂਈ ਵਿਚਲਿਤ ਨਹੀਂ ਹੋਵੇਗੀ ਕਿਉਂਕਿ ਪਲਾਸਟਿਕ, ਬਿਜਲੀ ਦਾ ਸੰਚਾਲਨ ਨਹੀਂ ਕਰਦਾ ਅਤੇ ਇਸ ਤਰ੍ਹਾਂ ਕੋਈ ਚੁੰਬਕੀ ਖੇਤਰ ਪੈਦਾ ਨਹੀਂ ਹੁੰਦਾ।
- ✗ C. ਪਲਾਸਟਿਕ ਵਿੱਚ ਜਿਆਦਾ ਪ੍ਰਤੀਰੋਧ ਕਾਰਨ ਕੰਪਾਸ ਦੀ ਸੂਈ ਵਧੇਰੇ ਤੇਜ਼ੀ ਨਾਲ ਵਿਚਲਿਤ ਹੋਵੇਗੀ।
- ✗ D. ਕੰਪਾਸ ਦੀ ਸੂਈ ਘੱਟ ਵਿਚਲਿਤ ਹੋਵੇਗੀ ਕਿਉਂਕਿ ਪਲਾਸਟਿਕ, ਕਾਪਰ ਨਾਲੋਂ ਦੁਰਬਲ ਚੁੰਬਕੀ ਖੇਤਰ ਬਣਾਉਂਦਾ ਹੈ।

Q.64 ਵਾਯੂਮੰਡਲ ਧਰਤੀ 'ਤੇ ਜੀਵਨ ਲਈ ਢੁਕਵੇਂ ਤਾਪਮਾਨ ਨੂੰ ਬਣਾਈ ਰੱਖਣ ਵਿੱਚ ਕਿਵੇਂ ਮਦਦ ਕਰਦਾ ਹੈ?

Ans
- ✗ A. ਇਹ ਸਾਰੇ ਤਾਪ ਨੂੰ ਤੇਜ਼ੀ ਨਾਲ ਪੁਲਾੜ ਵਿੱਚ ਜਾਣ ਦੀ ਆਗਿਆ ਦਿੰਦਾ ਹੈ
- ✓ B. ਇਹ ਆਉਣ ਵਾਲੀਆਂ ਸੂਰਜੀ ਵਿਕਿਰਣਾਂ ਨੂੰ ਅੰਸ਼ਕ ਤੌਰ 'ਤੇ ਸੋਖ ਲੈਂਦਾ ਹੈ।
- ✗ C. ਇਹ ਸਾਰੇ ਤਾਪ ਨੂੰ ਧਰਤੀ ਦੀ ਸਤਹ ਤੱਕ ਪਹੁੰਚਣ ਤੋਂ ਰੋਕਦਾ ਹੈ
- ✗ D. ਇਹ ਸਾਰੀ ਸੂਰਜੀ ਰੌਸ਼ਨੀ ਨੂੰ ਪਰਾਵਰਤਿਤ ਕਰਕੇ ਗ੍ਰਹਿ ਨੂੰ ਠੰਡਾ ਕਰਦਾ ਹੈ

Q.65 ਹੇਠ ਲਿਖਿਆਂ ਵਿੱਚੋਂ ਕਿਹੜੀ ਸੰਰਚਨਾ ਮਾਹਵਾਰੀ ਦੀ ਪ੍ਰਕਿਰਿਆ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਹੁੰਦੀ ਹੈ?

Ans
- ✗ A. ਜਿਗਰ
- ✗ B. ਅੰਡ ਕੋਸ਼
- ✗ C. ਅੰਡਵਹਿਣੀਆਂ
- ✓ D. ਬੱਚੇਦਾਨੀ

Q.66 ਖੂਨ ਸੰਚਾਰ ਦੇ ਦੌਰਾਨ ਜਦੋਂ ਖੂਨ ਫੇਫੜਿਆਂ ਵਿੱਚੋਂ ਲੰਘਦਾ ਹੈ, ਤਾਂ ਕਿਹੜੀ ਪ੍ਰਕਿਰਿਆ ਵਾਪਰਦੀ ਹੈ?

Ans
- ✗ A. ਕਾਰਬਨ ਡਾਈਆਕਸਾਈਡ ਸੋਖ ਲਿਆ ਜਾਂਦਾ ਹੈ ਅਤੇ ਆਕਸੀਜਨ ਨੂੰ ਛੱਡ ਦਿੱਤਾ ਜਾਂਦਾ ਹੈ
- ✗ B. ਵਿਅਰਥ ਪਦਾਰਥਾਂ ਨੂੰ ਬਾਹਰ ਕੱਢਣ ਲਈ ਖੂਨ ਨੂੰ ਫਿਲਟਰ ਕੀਤਾ ਜਾਂਦਾ ਹੈ
- ✗ C. ਪੌਸ਼ਟਿਕ ਤੱਤ ਖੂਨ ਵਿੱਚ ਸੋਖ ਲਏ ਜਾਂਦੇ ਹਨ
- ✓ D. ਆਕਸੀਜਨ ਨੂੰ ਸੋਖ ਲਿਆ ਜਾਂਦਾ ਹੈ ਅਤੇ ਕਾਰਬਨ ਡਾਈਆਕਸਾਈਡ ਨੂੰ ਛੱਡ ਦਿੱਤਾ ਜਾਂਦਾ ਹੈ

Q.67 ਹੇਠ ਲਿਖਿਆਂ ਵਿੱਚੋਂ ਕਿਹੜਾ ਸਭ ਤੋਂ ਵਧੀਆ ਢੰਗ ਨਾਲ ਦੱਸਦਾ ਹੈ ਕਿ ਆਟੋਮੋਬਾਈਲਜ਼ ਵਿੱਚ ਪੈਟਰੋਲ ਦੀ ਤੁਲਨਾ ਵਿੱਚ ਇਥੇਨੌਲ ਨੂੰ ਸਾਫ਼ ਈਂਧਨ ਕਿਉਂ ਮੰਨਿਆ ਜਾਂਦਾ ਹੈ?

Ans
- ✓ A. ਇਥੇਨੌਲ ਬਲਨ ਦੇ ਦੌਰਾਨ ਘੱਟ ਹਾਨੀਕਾਰਕ ਉਤਸਰਜਨ ਉਤਪੰਨ ਕਰਦਾ ਹੈ
- ✗ B. ਇਥੇਨੌਲ ਇੰਜਣ ਦੇ ਹਿੱਸਿਆਂ ਵਿੱਚ ਵਧੇਰੇ ਖੋਰ ਦਾ ਕਾਰਨ ਬਣਦਾ ਹੈ
- ✗ C. ਇਥੇਨੌਲ ਨੂੰ ਸਟੋਰ ਕਰਨਾ ਅਤੇ ਲਿਜਾਣਾ ਪੈਟਰੋਲ ਨਾਲੋਂ ਜ਼ਿਆਦਾ ਔਖਾ ਹੁੰਦਾ ਹੈ
- ✗ D. ਇਥੇਨੌਲ ਵਿੱਚ ਪੈਟਰੋਲ ਨਾਲੋਂ ਪ੍ਰਤੀ ਗ੍ਰਾਮ ਵਧੇਰੇ ਊਰਜਾ ਹੁੰਦੀ ਹੈ

Q.68 ਵਿਗਿਆਨ ਦੇ ਇੱਕ ਪ੍ਰੋਜੈਕਟ ਵਿੱਚ ਵਿਦਿਆਰਥੀਆਂ ਨੂੰ ਸਭ ਤੋਂ ਘੱਟ ਕੋਸ਼ਿਸ਼ ਬਲ ਨਾਲ ਇੱਕ ਭਾਰੀ ਵਸਤੂ ਨੂੰ ਚੁੱਕਣ ਲਈ ਪਹਿਲੀ ਸ਼੍ਰੇਣੀ ਦੇ ਲੀਵਰ ਨੂੰ ਵਿਵਸਥਿਤ ਕਰਨ ਦੀ ਲੋੜ ਹੁੰਦੀ ਹੈ। ਕਿਹੜੀ ਤਬਦੀਲੀ ਉਹਨਾਂ ਨੂੰ ਸਭ ਤੋਂ ਵੱਧ ਯੰਤਰਿਕ ਲਾਭ ਦੇਵੇਗੀ?

Ans
- ✗ A. ਭਾਰ ਦੇ ਵਜ਼ਨ ਦੀ ਪਰਵਾਹ ਕੀਤੇ ਬਿਨਾਂ ਫਲਕ੍ਰਮ ਨੂੰ ਠੀਕ ਕੇਂਦਰ ਵਿੱਚ ਰੱਖਣਾ
- ✗ B. ਭਾਰ ਭੁਜਾ ਨੂੰ ਛੋਟਾ ਰੱਖਦੇ ਹੋਏ, ਕੋਸ਼ਿਸ਼ ਭੁਜਾ ਦੀ ਲੰਬਾਈ ਨੂੰ ਘੱਟ ਤੋਂ ਘੱਟ ਕਰਨਾ
- ✓ C. ਭਾਰ ਭੁਜਾ ਨੂੰ ਲੰਬਾ ਰੱਖਦੇ ਹੋਏ, ਕੋਸ਼ਿਸ਼ ਭੁਜਾ ਦੀ ਲੰਬਾਈ ਨੂੰ ਵੱਧ ਤੋਂ ਵੱਧ ਕਰਨਾ
- ✗ D. ਭਾਰ ਨੂੰ ਫਲਕ੍ਰਮ ਤੋਂ ਜਿੰਨਾ ਸੰਭਵ ਹੋ ਸਕੇ ਦੂਰ ਰੱਖਣਾ

Blackbook

Get India's No 1 Vocab Preparation App for FREE : Blackbook : English Vocabulary GET IT ON Google Play

**Q.69** ਕਿਸ਼ੋਰਾਂ ਵਿੱਚ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਲਈ ਕਿਹੜੀ ਰਣਨੀਤੀ ਸਭ ਤੋਂ ਪ੍ਰਭਾਵਸ਼ਾਲੀ ਹੈ?

**Ans**
- ✔ A. ਵਰਕਸ਼ਾਪਾਂ ਰਾਹੀਂ ਸਿਹਤ ਸੰਬੰਧੀ ਖ਼ਤਰਿਆਂ ਬਾਰੇ ਸਿਖਾਉਣਾ
- ✘ B. ਆਮ ਜਾਣਕਾਰੀ ਵਾਲੇ ਪੈਂਫਲੇਟ ਵੰਡਣਾ
- ✘ C. ਬਿਨਾਂ ਸਪੱਸ਼ਟੀਕਰਨ ਦੇ ਗ੍ਰਾਫਿਕ ਚਿੱਤਰ ਦਿਖਾਉਣਾ
- ✘ D. ਵਿਦਿਆਰਥੀਆਂ ਲਈ ਖੇਡ ਉਪਕਰਣ ਪ੍ਰਦਾਨ ਕਰਨਾ

**Q.70** ਪਾਣੀ ਦੀ ਤੁਲਨਾ ਵਿੱਚ ਜ਼ਮੀਨ ਦੇ ਤੇਜ਼ੀ ਨਾਲ ਠੰਢੇ ਹੋਣ ਕਾਰਨ ਰਾਤ ਦੇ ਸਮੇਂ ਆਮ ਤੌਰ 'ਤੇ ਕਿਹੜੀ ਸਥਾਨਕ ਹਵਾ ਚੱਲਦੀ ਹੈ?

**Ans**
- ✘ A. ਸਮੁੰਦਰੀ ਹਵਾ (Sea breeze)
- ✘ B. ਮੌਨਸੂਨ (Monsoon)
- ✔ C. ਜ਼ਮੀਨੀ ਹਵਾ (Land breeze)
- ✘ D. ਪੱਛਮੀ ਹਵਾਵਾਂ (Westerlies)

**Q.71** ਲੋਹੇ ਦੇ ਖੋਰ ਹੋਣ (corrosion) ਜਾਂ ਜੰਗਾਲ ਲੱਗਣ (rusting) ਲਈ ਜ਼ਰੂਰੀ ਸ਼ਰਤਾਂ ਕੀ ਹਨ?

**Ans**
- ✘ A. ਸਿਰਫ਼ ਉੱਚ ਤਾਪਮਾਨ
- ✘ B. ਸਿਰਫ਼ ਨਮੀ
- ✘ C. ਸਿਰਫ਼ ਹਵਾ/ਆਕਸੀਜਨ
- ✔ D. ਨਮੀ ਅਤੇ ਹਵਾ/ਆਕਸੀਜਨ ਦੋਵੇਂ

**Q.72** ਫਰਨ ਦੇ ਤਣੇ ਦੇ ਕਾਟਵੇਂ-ਭਾਗ ਵਿੱਚ ਕਿਹੜਾ ਟਿਸ਼ੂ ਪਾਇਆ ਜਾਂਦਾ ਹੈ, ਜੋ ਬ੍ਰਾਇਓਫਾਇਟਾ ਅਤੇ ਥੈਲੋਫਾਇਟਾ ਵਿੱਚ ਨਹੀਂ ਹੁੰਦਾ ਹੈ?

**Ans**
- ✘ A. ਜੜ੍ਹ ਦੇ ਰੋਮ (Root hairs)
- ✔ B. ਵਹਿਣੀ ਬੰਡਲ (Vascular bundles)
- ✘ C. ਕਲੋਰੋਫਿਲ (Chlorophyll)
- ✘ D. ਪੱਤਿਆਂ ਦੇ ਮੁਸਾਮ (Leaf pores)

**Q.73** ਹੇਠ ਲਿਖਿਆਂ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹੈ/ਹਨ?

a. ਮਿਸ਼ਰਤ ਧਾਤ ਬਣਾ ਕੇ ਲੋਹੇ ਨੂੰ ਜੰਗਾਲ ਲੱਗਣ ਤੋਂ ਰੋਕਿਆ ਜਾ ਸਕਦਾ ਹੈ।
b. ਸਟੇਨਲੈੱਸ ਸਟੀਲ ਮੁੱਖ ਤੌਰ 'ਤੇ ਲੋਹੇ, ਕ੍ਰੋਮੀਅਮ ਅਤੇ ਨਿੱਕਲ ਦੀ ਮਿਸ਼ਰਤ ਧਾਤ ਹੈ।
c. ਮਿਸ਼ਰਤ ਧਾਤ ਦੋ ਜਾਂ ਦੋ ਤੋਂ ਵੱਧ ਧਾਤਾਂ ਦਾ ਬਿਖਮਅੰਗੀ ਮਿਸ਼ਰਣ ਹੁੰਦਾ ਹੈ।

**Ans**
- ✘ A. b ਅਤੇ c
- ✘ B. a ਅਤੇ c
- ✔ C. a ਅਤੇ b
- ✘ D. ਸਿਰਫ਼ a

**Q.74** ਖੋਪੜੀ ਦੇ ਅਧਾਰ ਤੋਂ ਇੱਕ ਲਚਕਦਾਰ ਕਾਲਮ ਨਿਕਲਦਾ ਹੈ ਜਿਸਨੂੰ ________ ਕਿਹਾ ਜਾਂਦਾ ਹੈ।

**Ans**
- ✔ A. ਵਰਟਿਬ੍ਰਲ ਕਾਲਮ (Vertebral Column)
- ✘ B. ਸਟ੍ਰਨਮ ਕਾਲਮ (Sternum column)
- ✘ C. ਐਟਲਸ ਕਾਲਮ (Atlas column)
- ✘ D. ਐਕਸਿਸ ਕਾਲਮ (Axis column)

**Q.75** ਇੱਕ ਮਾਈਨਿੰਗ ਕੰਪਨੀ ਨੂੰ ਇੱਕ ਨਵੀਂ ਕੱਚੀ ਧਾਤ ਮਿਲਦੀ ਹੈ ਜਿਸ ਵਿੱਚ ਪ੍ਰਤੀਕਿਰਿਆਸ਼ੀਲਤਾ ਲੜੀ ਵਿੱਚ ਸਿਖਰ ਤੇ ਆਉਣ ਵਾਲੀ ਧਾਤ ਹੈ। ਉਹ ਇਸ ਧਾਤ ਨੂੰ ਕੁਸ਼ਲਤਾ ਨਾਲ ਅਤੇ ਕਿਫਾਇਤੀ ਢੰਗ ਨਾਲ ਨਿਸ਼ਕਰਸ਼ਿਤ ਕਰਨਾ ਚਾਹੁੰਦੇ ਹਨ। ਉਹਨਾਂ ਨੂੰ ਨਿਸ਼ਕਰਸ਼ਣ ਦਾ ਕਿਹੜਾ ਤਰੀਕਾ ਵਰਤਣਾ ਚਾਹੀਦਾ ਹੈ?

**Ans**
- ✘ A. ਸਾਇਨਾਈਡ ਨਾਲ ਲੀਚਿੰਗ
- ✘ B. ਹਵਾ ਵਿੱਚ ਭੁੰਨਣ
- ✔ C. ਪਿਘਲੀ ਹੋਈ ਕੱਚੀ ਧਾਤ ਦਾ ਬਿਜਲਈ ਅਪਘਟਨ
- ✘ D. ਕੋਕ ਨਾਲ ਕਾਰਬਨ ਲਘੂਕਰਣ

Blackbook

Get India's No 1 Vocab Preparation App for FREE : **Blackbook : English Vocabulary** GET IT ON Google Play

Q.76 ਇੱਕ ਵਿਦਿਆਰਥੀ 4 kg ਦੀ ਗੱਡੀ ਨੂੰ ਧੱਕਾ ਦਿੰਦਾ ਹੈ ਕਿ ਇਸ ਦਾ ਵੇਗ 2 ਸਕਿੰਟਾਂ ਵਿੱਚ 2 m/s ਤੋਂ ਬਦਲ ਕੇ 6 m/s ਹੋ ਜਾਂਦਾ ਹੈ। ਗੱਡੀ 'ਤੇ ਲਗਾਏ ਗਏ ਬਲ ਦਾ ਪਰਿਮਾਣ ਕੀ ਹੈ?

Ans
- ✗ A. 2 N
- ✗ B. 16 N
- ✓ C. 8 N
- ✗ D. 4 N

Q.77 ਘਾਹ ਦੇ ਮੈਦਾਨ ਦੇ ਭੋਜਨ ਜਾਲ ਵਿੱਚ, ਜੇਕਰ ਖਰਗੋਸ਼ਾਂ ਵਰਗੇ ਮੁੱਢਲੇ ਖਪਤਕਾਰਾਂ ਦੀ ਆਬਾਦੀ ਬਹੁਤ ਘੱਟ ਜਾਂਦੀ ਹੈ ਤਾਂ ਹੇਠ ਲਿਖਿਆਂ ਵਿੱਚੋਂ ਕੀ ਵਾਪਰਨ ਦੀ ਸੰਭਾਵਨਾ ਸਭ ਤੋਂ ਜਿਆਦਾ ਹੈ?

Ans
- ✗ A. ਵਧੇਰੇ ਮ੍ਰਿਤ ਪਦਾਰਥ ਦੇ ਕਾਰਨ ਅਪਘਟਕਾਂ ਦੀ ਆਬਾਦੀ ਵਧੇਗੀ।
- ✓ B. ਭੋਜਨ ਦੀ ਉਪਲਬਧਤਾ ਘਟਣ ਕਾਰਨ ਦੂਜੈਲੇ ਖਪਤਕਾਰ ਦੀ ਆਬਾਦੀ ਘੱਟ ਜਾਵੇਗੀ।
- ✗ C. ਜਿਆਦਾ ਚਰਾਈ ਕਾਰਨ ਘਾਹ ਦੀ ਆਬਾਦੀ ਘੱਟ ਜਾਵੇਗੀ।
- ✗ D. ਵਧੇਰੇ ਉਪਲਬਧ ਸ਼ਿਕਾਰ ਦੇ ਕਾਰਨ ਚੋਟੀ ਦੇ ਸ਼ਿਕਾਰੀਆਂ ਦੀ ਆਬਾਦੀ ਵਧੇਗੀ।

Q.78 ਚਾਰਜ ਹੋਇਆ ਕਿਹੜਾ ਕਣ ਕਿਸੇ ਤੱਤ ਦੀ ਪਰਮਾਣੂ ਸੰਖਿਆ ਨਿਰਧਾਰਤ ਕਰਦਾ ਹੈ?

Ans
- ✗ A. ਨਾਭਿਕ ਵਿੱਚ ਮੌਜੂਦ ਨਿਊਟ੍ਰਾਨ
- ✓ B. ਨਾਭਿਕ ਵਿੱਚ ਮੌਜੂਦ ਪ੍ਰੋਟਾਨ
- ✗ C. ਪੂਰੇ ਪਰਮਾਣੂ ਦਾ ਪੁੰਜ
- ✗ D. ਬਾਹਰਲੇ ਸ਼ੈੱਲ ਵਿੱਚ ਇਲੈਕਟ੍ਰਾਨ

Q.79 ਹੇਠ ਲਿਖਿਆਂ ਵਿੱਚੋਂ ਕਿਹੜਾ ਕਾਰਕ ਖੇਤੀਬਾੜੀ ਖੇਤਰਾਂ ਵਿੱਚ ਸਥਾਨਕ ਹਵਾ ਦੇ ਪੈਟਰਨਾਂ ਦੁਆਰਾ ਸਿੱਧੇ ਤੌਰ 'ਤੇ ਪ੍ਰਭਾਵਿਤ ਨਹੀਂ ਹੁੰਦਾ ਹੈ?

Ans
- ✗ A. ਖੇਤਰ ਦੀ ਨਮੀ ਦੇ ਪੱਧਰਾਂ ਨੂੰ ਨਿਯੰਤਰਣ ਕਰਨਾ
- ✗ B. ਮਿੱਟੀ ਦੇ ਤਾਪਮਾਨ ਨੂੰ ਨਿਯਮਤ ਕਰਨਾ
- ✗ C. ਵੈਂਟੀਲੇਸ਼ਨ ਰਾਹੀਂ ਫਸਲਾਂ ਦੀ ਸਿਹਤ ਲਈ ਸਮਰਥਨ ਕਰਨਾ
- ✓ D. ਫਸਲਾਂ ਦੀ ਬਾਹਰੀ ਵਿਸ਼ੇਸ਼ਤਾ

Q.80 ਕੋਈ ਰਸਾਇਣ ਵਿਗਿਆਨੀ ਇੱਕ ਅਜਿਹਾ ਯੋਗਿਕ ਤਿਆਰ ਕਰ ਰਿਹਾ ਹੈ ਜਿਸ ਵਿੱਚ $NaClO_3$ ਸੂਤਰ ਵਿੱਚ ਸੋਡੀਅਮ (Na), ਕਲੋਰੀਨ (Cl), ਅਤੇ ਆਕਸੀਜਨ (O) ਸ਼ਾਮਲ ਹਨ। ਜੇਕਰ ਪਰਮਾਣੂ ਪੁੰਜ Na = 23 u, Cl = 35.5 u, ਅਤੇ O = 16 u ਹਨ, ਤਾਂ $NaClO_3$ ਦੇ ਸੂਤਰ ਇਕਾਈ ਪੁੰਜ ਦੀ ਗਣਨਾ ਕਰੋ।

Ans
- ✓ A. 106.5 u
- ✗ B. 74.5 u
- ✗ C. 87.5 u
- ✗ D. 119.5 u

Q.81 ਇੱਕ ਬਨਸਪਤੀ ਵਿਗਿਆਨੀ ਕਿਸੇ ਫਸਲੀ ਪੌਦੇ ਦੀ ਲੰਬਾਈ ਵਧਾਉਣ ਅਤੇ ਨੁਕਸਾਨ ਹੋਣ 'ਤੇ ਉਸ ਦੀ ਮੁਰੰਮਤ ਕਰਨ ਦੀ ਸਮਰੱਥਾ ਨੂੰ ਅਨੁਵੰਸ਼ਿਕ ਤੌਰ 'ਤੇ ਸੋਧਣ ਦੀ ਕੋਸ਼ਿਸ਼ ਕਰ ਰਹੀ ਹੈ। ਪੌਦੇ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਸਨੂੰ ਪੌਦੇ ਦੇ ਕਿਹੜੇ ਟਿਸ਼ੂ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ?

Ans
- ✗ A. ਨਾੜੀ ਟਿਸ਼ੂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਕਿਉਂਕਿ ਇਹ ਪੌਸ਼ਟਿਕ ਤੱਤਾਂ ਅਤੇ ਪਾਣੀ ਦੀ ਪਰਿਵਹਿਨ ਕਰਦਾ ਹੈ।
- ✓ B. ਅਸਥਾਈ ਟਿਸ਼ੂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਕਿਉਂਕਿ ਇਹ ਵਿਕਾਸ ਅਤੇ ਪੁਨਰਜਨਿਤ ਕਰਦਾ ਹੈ।
- ✗ C. ਗਰਾਊਂਡ ਟਿਸ਼ੂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਕਿਉਂਕਿ ਇਹ ਭੋਜਨ ਸਟੋਰ ਕਰਦਾ ਹੈ।
- ✗ D. ਐਪੀਡਰਮਲ ਟਿਸ਼ੂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਕਿਉਂਕਿ ਇਹ ਰੋਗਜਨਕਾਂ ਤੋਂ ਸੁਰੱਖਿਆ ਕਰਦਾ ਹੈ।

Q.82 ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਮਿਸ਼ਰਣਾਂ ਅਤੇ ਘੋਲਾਂ ਦੇ ਸੰਬੰਧ ਵਿੱਚ ਕੋਲਾਇਡ ਦੇ ਗੁਣ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ?

Ans
- ✗ A. ਕੋਲਾਇਡ ਨਾ ਤਾਂ ਪ੍ਰਕਾਸ਼ ਖਿੰਡਾਉਂਦਾ ਹੈ ਅਤੇ ਨਾ ਹੀ ਸਥਿਰ ਰੱਖਣ 'ਤੇ ਟਿਕਦਾ ਹੈ।
- ✗ B. ਫਿਲਟਰ ਕਰਨ 'ਤੇ ਕੋਲਾਇਡ ਪਰਤਾਂ ਵਿੱਚ ਵੱਖ ਹੋ ਜਾਂਦਾ ਹੈ।
- ✗ C. ਕੋਲਾਇਡ ਸਥਿਰ ਰੱਖਣ 'ਤੇ ਹੇਠਾਂ ਟਿਕ ਜਾਂਦਾ ਹੈ ਪਰ ਪ੍ਰਕਾਸ਼ ਨਹੀਂ ਖਿੰਡਾਉਂਦਾ।
- ✓ D. ਕੋਲਾਇਡ ਪ੍ਰਕਾਸ਼ ਖਿੰਡਾਉਂਦਾ ਹੈ ਪਰ ਸਥਿਰ ਰੱਖਣ 'ਤੇ ਟਿਕਦਾ ਨਹੀਂ ਹੈ।

Blackbook

Get India's No 1 Vocab Preparation App for FREE : Blackbook : English Vocabulary
GET IT ON Google Play

Q.83 ਇੱਕ ਗੇਂਦ ਨੂੰ ਕੁੱਝ ਉਚਾਈ ਤੋਂ ਸੁੱਟਿਆ ਜਾਂਦਾ ਹੈ ਅਤੇ ਉਹ 4 ਸਕਿੰਟਾਂ ਤੱਕ ਗੁਰੁਤਾ ਦੇ ਪ੍ਰਭਾਵ ਕਾਰਨ ਮੁਕਤ ਰੂਪ ਵਿੱਚ ਹੇਠਾਂ ਡਿੱਗਦੀ ਹੈ। 4 ਸਕਿੰਟਾਂ ਬਾਅਦ ਗੇਂਦ ਦਾ ਵੇਗ ਕਿੰਨਾ ਹੋਵੇਗਾ? ($g = 10\ m/s^2$ ਲਓ)

Ans
✔ A. 40 m/s
✘ B. 20 m/s
✘ C. 80 m/s
✘ D. 10 m/s

Q.84 ਜਲੀ ਘੋਲਾਂ ਵਿੱਚ ਤੇਜ਼ਾਬਾਂ ਅਤੇ ਖਾਰਾਂ ਦੇ ਵਿਵਹਾਰ ਬਾਰੇ ਹੇਠਾਂ ਦਿੱਤੇ ਕਥਨਾਂ ਨੂੰ ਪੜ੍ਹੋ ਅਤੇ ਸਹੀ ਕਥਨ ਦੀ ਚੋਣ ਕਰੋ:

(I) ਤੇਜ਼ਾਬ ਜਲੀ ਘੋਲ ਵਿੱਚ $H^+$ ਆਇਨ ਪੈਦਾ ਕਰਦੇ ਹਨ।
(II) ਖਾਰ ਜਲੀ ਘੋਲ ਵਿੱਚ $OH^-$ ਆਇਨ ਪੈਦਾ ਕਰਦੇ ਹਨ।
(III) ਕਿਸੇ ਘੋਲ ਦੀ ਤੇਜ਼ਾਬੀ ਪ੍ਰਕਿਰਤੀ $OH^-$ ਆਇਨਾਂ ਦੀ ਮੌਜੂਦਗੀ ਕਾਰਨ ਹੁੰਦੀ ਹੈ।
(IV) ਕਿਸੇ ਘੋਲ ਦੀ ਖਾਰੀ ਪ੍ਰਕਿਰਤੀ $OH^-$ ਆਇਨਾਂ ਦੀ ਮੌਜੂਦਗੀ ਕਾਰਨ ਹੁੰਦੀ ਹੈ।

Ans
✘ A. ਸਿਰਫ III ਅਤੇ IV
✘ B. ਸਿਰਫ I ਅਤੇ II
✘ C. ਸਿਰਫ II ਅਤੇ III
✔ D. ਸਿਰਫ I, II ਅਤੇ IV

Q.85 ਕਿਹੜੀ ਵਿਸ਼ੇਸ਼ਤਾ ਸੀਮਤ ਨਮੀ ਵਾਲੀਆਂ ਥਾਵਾਂ 'ਤੇ ਬ੍ਰਾਇਓਫਾਇਟਸ ਦੀ ਤੁਲਨਾ ਵਿੱਚ ਟੇਰੀਡੋਫਾਇਟਸ ਨੂੰ ਬਿਹਤਰ ਢੰਗ ਨਾਲ ਜਿਉਂਦੇ ਰਹਿਣ ਵਿੱਚ ਮਦਦ ਕਰਦੀ ਹੈ?

Ans
✘ A. ਅਸਲ ਜੜ੍ਹਾਂ, ਤਣਿਆਂ ਅਤੇ ਪੱਤਿਆਂ ਦੀ ਅਣਹੋਂਦ
✘ B. ਨਰ ਯੁਗਮਕਾਂ ਦੀ ਗਤੀ ਲਈ ਪਾਣੀ 'ਤੇ ਨਿਰਭਰਤਾ
✘ C. ਪੂਰੇ ਪੌਦੇ ਦੇ ਸਿਰਫ਼ ਸਰੀਰ ਰਾਹੀਂ ਸਿੱਧੇ ਪਾਣੀ ਦਾ ਸੋਖਣਾ
✔ D. ਪਾਣੀ ਅਤੇ ਪੌਸ਼ਟਿਕ ਤੱਤਾਂ ਦੇ ਪਰਿਵਹਿਣ ਲਈ ਵਹਿਣੀ ਟਿਸ਼ੂਆਂ ਦੀ ਮੌਜੂਦਗੀ

Q.86 ਦੂਰੀ-ਸਮੇਂ ਗ੍ਰਾਫ਼ ਵਿੱਚ, ਦੋ ਵਾਹਨਾਂ ਨੂੰ ਦੋ ਰੇਖਾਵਾਂ ਦੁਆਰਾ ਦਰਸਾਇਆ ਗਿਆ ਹੈ: ਇੱਕ ਸਿੱਧੀ ਰੇਖਾ ਹੈ ਜੋ ਸਮਾਂ ਧੁਰੇ ਵੱਲ ਝੁਕੀ ਹੋਈ ਹੈ, ਅਤੇ ਦੂਜੀ ਇੱਕ ਵਕਰ ਰੇਖਾ ਹੈ ਜਿਸਦੀ ਢਲਾਣ ਵਧਦੀ ਜਾ ਰਹੀ ਹੈ। ਇਸ ਦੁਆਰਾ ਇਹਨਾਂ ਦੋ ਵਾਹਨਾਂ ਦੀ ਗਤੀ ਬਾਰੇ ਕੀ ਪਤਾ ਚਲਦਾ ਹੈ?

Ans
✘ A. ਇੱਕ ਵਾਹਨ ਰੁਕਿਆ ਹੋਇਆ ਹੈ ਜਦੋਂ ਕਿ ਦੂਜਾ ਚਲਦਾ ਹੈ
✔ B. ਇੱਕ ਵਾਹਨ ਸਥਿਰ ਚਾਲ ਨਾਲ ਚਲਦਾ ਹੈ, ਜਦੋਂ ਕਿ ਦੂਜਾ ਪ੍ਰਵੇਗਿਤ ਹੁੰਦਾ ਹੈ
✘ C. ਦੋਵੇਂ ਵਾਹਨ ਪੂਰਾ ਸਮਾਂ ਸਮਾਨ ਚਾਲ ਨਾਲ ਚੱਲਦੇ ਹਨ
✘ D. ਦੋਵੇਂ ਵਾਹਨ ਪੂਰੇ ਸਮੇਂ ਦੌਰਾਨ ਬਦਲਦੀ ਚਾਲ ਨਾਲ ਗਤੀ ਕਰਦੇ ਹਨ

Q.87 ਝੂਲੇ (seesaw) ਵਿੱਚ, ਲੋਡ ਨੂੰ ਆਸਾਨੀ ਨਾਲ ਚੁੱਕਣ ਲਈ ਫਲਕ੍ਰਮ ਦੇ ਸਾਪੇਖਕ ਕਿੱਥੇ ਰੱਖਿਆ ਜਾਣਾ ਚਾਹੀਦਾ ਹੈ?

Ans
✘ A. ਫਲਕ੍ਰਮ ਤੋਂ ਦੂਰ
✔ B. ਫਲਕ੍ਰਮ ਦੇ ਨੇੜੇ
✘ C. ਫਲਕ੍ਰਮ ਤੋਂ ਓਨੀ ਹੀ ਦੂਰੀ 'ਤੇ ਜਿੰਨੀ ਦੂਰੀ 'ਤੇ ਕੋਸ਼ਿਸ਼ ਬਲ ਹੈ
✘ D. ਫਲਕ੍ਰਮ ਤੋਂ ਕੋਸ਼ਿਸ਼ ਬਲ ਦੀ ਸਮਾਨ ਦੂਰੀ 'ਤੇ

Q.88 ਜੇਕਰ ਕਿਸੇ ਖੁੱਲ੍ਹੇ ਫਲਾਸਕ ਵਿੱਚ ਕੋਈ ਪ੍ਰਤੀਕ੍ਰਿਆ ਹੁੰਦੀ ਹੈ ਅਤੇ ਦੇਖਿਆ ਗਿਆ ਪੁੰਜ ਘੱਟ ਹੋ ਜਾਂਦਾ ਹੈ, ਤਾਂ ਕਿਹੜੀ ਵਿਆਖਿਆ ਪੁੰਜ ਸੁਰੱਖਿਅਣ ਦੇ ਨਿਯਮ ਨਾਲ ਸਭ ਤੋਂ ਵਧੀਆ ਮੇਲ ਖਾਂਦੀ ਹੈ?

Ans
✔ A. ਫਲਾਸਕ ਵਿੱਚੋਂ ਗੈਸ ਬਾਹਰ ਨਿਕਲਦੀ ਹੈ
✘ B. ਪੁੰਜ ਸੁਰੱਖਿਅਣ ਦਾ ਨਿਯਮ ਅਵੈਧ ਹੈ
✘ C. ਕੁਝ ਪੁੰਜ, ਊਰਜਾ ਵਿੱਚ ਬਦਲਦਾ ਹੈ
✘ D. ਪ੍ਰਤੀਕਿਰਿਆ ਤੋਂ ਬਾਅਦ ਅਭਿਕਾਰਕ ਹੌਲੇ ਹੋ ਜਾਂਦੇ ਹਨ

Q.89 ਇੱਕ ਤੱਤ ਦੇ ਦੋ ਸਮਸਥਾਨਿਕ ਹਨ ਜਿਹਨਾਂ ਦੀ ਪੁੰਜ ਸੰਖਿਆ 35 ਅਤੇ 37 ਹੈ। ਦੋਵਾਂ ਸਮਸਥਾਨਿਕਾਂ ਵਿੱਚ ਕਿਹੜਾ ਗੁਣ ਸਮਾਨ ਰਹਿੰਦਾ ਹੈ?

Ans
✘ A. ਪਰਮਾਣੂ ਪੁੰਜ
✘ B. ਨਿਊਟ੍ਰੌਨਾਂ ਦੀ ਸੰਖਿਆ
✘ C. ਪੁੰਜ ਸੰਖਿਆ
✔ D. ਪ੍ਰੋਟੋਨਾਂ ਦੀ ਸੰਖਿਆ

Blackbook

Get India's No 1 Vocab Preparation App for FREE : Blackbook : English Vocabulary
GET IT ON Google Play

**Q.90** ਲਗਾਤਾਰ ਉੱਚ ਬਲੱਡ ਪ੍ਰੈਸ਼ਰ ______ ਦੇ ਖਤਰੇ ਨੂੰ ਵਧਾ ਸਕਦਾ ਹੈ।

**Ans**
- ✗ A. ਖੂਨ ਦੇ ਸੰਚਾਰ ਵਿੱਚ ਸੁਧਾਰ
- ✓ B. ਦਿਲ ਦੀ ਬਿਮਾਰੀ ਅਤੇ ਸਟ੍ਰੋਕ
- ✗ C. ਭੋਜਨ ਦਾ ਤੇਜ਼ੀ ਨਾਲ ਪਚਣਾ
- ✗ D. ਆਕਸੀਜਨ ਉਤਪਾਦਨ ਵਿੱਚ ਵਾਧਾ

Section : **General Awareness**

**Q.91** ਅਪ੍ਰੈਲ 2026 ਵਿੱਚ ਮਨਾਏ ਗਏ 63ਵੇਂ ਰਾਸ਼ਟਰੀ ਸਮੁੰਦਰੀ ਦਿਵਸ ਸਮਾਰੋਹ ਦਾ ਥੀਮ ਕੀ ਸੀ?

**Ans**
- ✗ A. ਬਲੂ ਇਕੋਨੋਮੀ ਫਾਰ ਵਿਕਸਿਤ ਭਾਰਤ (Blue Economy for Viksit Bharat)
- ✗ B. ਸਟ੍ਰੈਂਥਨਿੰਗ ਇੰਡੀਆ'ਜ਼ ਮਰੀਟਾਈਮ ਫਿਊਚਰ (Strengthening India's Maritime Future )
- ✗ C. ਸਸਟੇਨੇਬਲ ਸੀਜ਼, ਪ੍ਰੋਸਪੇਰ, ਨੇਸ਼ਨ (Sustainable Seas, Prosperous Nation)
- ✓ D. ਮਰੀਟਾਈਮ ਇੰਡੀਆ, ਇੰਪਾਵਰਿੰਗ ਪ੍ਰੋਗ੍ਰੈਸ (Maritime India, Empowering Progress)

**Q.92** ਜੂਨ 2026 ਵਿੱਚ, ਈਥਨ ਵਾਜ਼ ਨੇ ਕਿਸ ਟੂਰਨਾਮੈਂਟ ਵਿੱਚ ਆਪਣਾ ਆਖਰੀ ਗ੍ਰੈਂਡਮਾਸਟਰ ਨੌਰਮ ਹਾਸਲ ਕਰਕੇ ਭਾਰਤ ਦੇ 96ਵੇਂ ਸ਼ਤਰੰਜ ਗ੍ਰੈਂਡਮਾਸਟਰ ਦਾ ਖਿਤਾਬ ਜਿੱਤਿਆ?

**Ans**
- ✗ A. ਪ੍ਰਾਗ ਮਾਸਟਰਜ਼
- ✗ B. ਟਾਟਾ ਸਟੀਲ ਸ਼ਤਰੰਜ ਟੂਰਨਾਮੈਂਟ
- ✓ C. ਸਾਰਾਜੇਵੋ GM ਮਿਕਸ ਟੂਰਨਾਮੈਂਟ
- ✗ D. ਰਿਕਜਾਵਿਕ ਓਪਨ

**Q.93** AI-ਆਧਾਰਿਤ ਸਾਈਬਰ ਸੁਰੱਖਿਆ ਖਤਰਿਆਂ ਨੂੰ ਹੱਲ ਕਰਨ ਲਈ ਮਈ 2026 ਵਿੱਚ SEBI ਦੁਆਰਾ ਕਿਹੜੀ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਗਿਆ?

**Ans**
- ✗ A. ਸਿਕਿਓਰ ਮਾਰਕੀਟ ਮਿਸ਼ਨ (Secure Markets Mission)
- ✗ B. ਸਾਈਬਰ ਰਕਸ਼ਕ (Cyber Rakshak)
- ✓ C. ਸਾਈਬਰ-ਸੁਰਕਸ਼ਾ.ਏਆਈ (cyber-suraksha.ai)
- ✗ D. ਏਆਈ ਸ਼ੀਲਡ ਇੰਡੀਆ (AI Shield India)

**Q.94** ਹੇਠ ਲਿਖੀਆਂ ਸੰਸਥਾਵਾਂ ਵਿੱਚੋਂ ਕਿਸ ਨੇ ਜੁਲਾਈ 2026 ਵਿੱਚ "ਆਯੁਰਵੇਦ ਨੂੰ ਆਲਮੀ ਬਣਾਉਣ ਲਈ ਰਣਨੀਤਕ ਰੋਡਮੈਪ" ਸਿਰਲੇਖ ਵਾਲੀ ਰਿਪੋਰਟ ਜਾਰੀ ਕੀਤੀ?

**Ans**
- ✗ A. ਆਯੁਸ਼ ਮੰਤਰਾਲਾ
- ✓ B. ਨੀਤੀ ਆਯੋਗ
- ✗ C. ਨੈਸ਼ਨਲ ਮੈਡੀਕਲ ਕਮਿਸ਼ਨ (NMC)
- ✗ D. ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ICMR)

**Q.95** ਖੇਲੋ ਇੰਡੀਆ ਵਿੰਟਰ ਗੇਮਸ 2026 ਦਾ ਆਯੋਜਨ ਫਰਵਰੀ 2026 ਵਿੱਚ ਕਿਹੜੇ ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਕੀਤਾ ਗਿਆ ਸੀ?

**Ans**
- ✗ A. ਅਰੁਣਾਚਲ ਪ੍ਰਦੇਸ਼
- ✗ B. ਹਿਮਾਚਲ ਪ੍ਰਦੇਸ਼
- ✓ C. ਜੰਮੂ ਅਤੇ ਕਸ਼ਮੀਰ
- ✗ D. ਉਤਰਾਖੰਡ

**Q.96** ਅਪ੍ਰੈਲ 2026 ਵਿੱਚ, ਹੇਠ ਲਿਖਿਆਂ ਵਿੱਚੋਂ ਕਿਸਨੇ 'ਟਾਈਡਸ ਆਫ਼ ਟਾਈਮ: ਭਾਰਤ'ਜ਼ ਹਿਸਟਰੀ ਥ੍ਰੂ ਮਿਊਰਲਜ਼ ਇਨ ਪਾਰਲੀਮੈਂਟ' (Tides of Time: Bharat's History through Murals in Parliament) ਕਿਤਾਬ ਰਿਲੀਜ਼ ਕੀਤੀ?

**Ans**
- ✓ A. ਸੀ.ਪੀ. ਰਾਧਾਕ੍ਰਿਸ਼ਨਨ (C. P. Radhakrishnan)
- ✗ B. ਜਗਦੀਪ ਧਨਖੜ (Jagdeep Dhankhar)
- ✗ C. ਹਰਿਵੰਸ਼ ਨਾਰਾਇਣ ਸਿੰਘ (Harivansh Narayan Singh)
- ✗ D. ਦ੍ਰੋਪਦੀ ਮੁਰਮੂ (Droupadi Murmu)

Get India's No 1 Vocab Preparation App for FREE : **Blackbook : English Vocabulary**
GET IT ON Google Play

**Q.97** ਕਿਸ ਭਾਰਤੀ ਰਾਜ ਨੇ 2025 ਵਿੱਚ ਪੰਡਿਤ ਦੀਨਦਿਆਲ ਉਪਾਧਿਆਏ ਗ਼ਰੀਬੀ ਮੁਕਤ ਗ੍ਰਾਮ ਯੋਜਨਾ (ਪੰਡਿਤ ਦੀਨਦਿਆਲ ਉਪਾਧਿਆਏ ਗ੍ਰਾਮੀਣ ਪੰਚਾਇਤ ਵਿਕਾਸ ਯੋਜਨਾ) ਸ਼ੁਰੂ ਕੀਤੀ ਹੈ?

**Ans**
- ✗ A. ਉੱਤਰ ਪ੍ਰਦੇਸ਼
- ✗ B. ਬਿਹਾਰ
- ✓ C. ਰਾਜਸਥਾਨ
- ✗ D. ਉੱਤਰਾਖੰਡ

**Q.98** ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਜਾਰੀ ਕੀਤੀ ਗਈ "ਭਾਰਤ ਵਿੱਚ ਬੱਚੇ 2025" ਰਿਪੋਰਟ ਦੇ ਸਿਰਲੇਖ ਵਾਲੀ ਰਿਪਰੋਟ ਦੇ ਅਨੁਸਾਰ, 2011 ਵਿੱਚ ਬਾਲ ਮੌਤ ਦਰ (IMR) ਪ੍ਰਤੀ 1,000 ਜੀਵਿਤ ਜਨਮ 44 ਤੋਂ ਘਟ ਕੇ 2023 ਵਿੱਚ ਕਿਸ ਅੰਕੜੇ ਤੱਕ ਪਹੁੰਚ ਗਈ?

**Ans**
- ✗ A. 35 ਪ੍ਰਤੀ 1,000 ਜੀਵਿਤ ਜਨਮ
- ✗ B. 30 ਪ੍ਰਤੀ 1,000 ਜੀਵਿਤ ਜਨਮ
- ✓ C. 25 ਪ੍ਰਤੀ 1,000 ਜੀਵਿਤ ਜਨਮ
- ✗ D. 15 ਪ੍ਰਤੀ 1,000 ਜੀਵਿਤ ਜਨਮ

**Q.99** ਮਈ 2026 ਵਿੱਚ, 61ਵੀਂ ਅੰਤਰਰਾਸ਼ਟਰੀ ਕਲਾ ਪ੍ਰਦਰਸ਼ਨੀ - ਲਾ ਬਿਏਨਾਲੇ ਡੀ ਵੈਨੇਜ਼ੀਆ (La Biennale di Venezia) ਵਿੱਚ ਪ੍ਰਦਰਸ਼ਿਤ ਕੀਤੀ ਗਈ ਪ੍ਰਦਰਸ਼ਨੀ 'ਜੀਓਗ੍ਰਾਫੀਜ਼ ਆਫ਼ ਡਿਸਟੈਂਸ: ਰਿਮੇਂਬਰਿੰਗ ਹੋਮ' (Geographies of Distance: Remembering Home), ਹੇਠ ਲਿਖਿਆਂ ਵਿੱਚੋਂ ਕਿਸ ਦੁਆਰਾ ਕਿਊਰੇਟ ਕੀਤੀ ਗਈ ਸੀ?

**Ans**
- ✓ A. ਡਾ. ਅਮੀਨ ਜਾਫਰ (Dr. Amin Jaffer)
- ✗ B. ਅਲਵਰ ਬਾਲਾਸੁਬਰਾਮਨੀਅਮ (Alwar Balasubramaniam)
- ✗ C. ਬੋਸ ਕ੍ਰਿਸ਼ਨਾਮਾਚਾਰੀ (Bose Krishnamachari)
- ✗ D. ਰੰਜਨੀ ਸ਼ੈੱਟਰ (Ranjani Shettar)

**Q.100** ਜਨਵਰੀ 2026 ਵਿੱਚ, DRDO ਨੇ __________ ਦੇ ਵਿਕਾਸ ਲਈ ਐਕਟੀਵਲੀ ਕੂਲਡ ਸਕ੍ਰੈਮਜੈੱਟ ਇੰਜਣ ਦਾ ਲੰਬੇ ਸਮੇਂ ਤੱਕ ਚੱਲਣ ਵਾਲਾ ਜ਼ਮੀਨੀ ਪ੍ਰੀਖਣ ਸਫਲਤਾਪੂਰਵਕ ਕੀਤਾ।

**Ans**
- ✗ A. ਅਨਮੈਨਡ ਕੰਬੈਟ ਏਰੀਅਲ ਵਹੀਕਲਜ਼ (Unmanned combat aerial vehicles)
- ✗ B. ਬੈਲਿਸਟਿਕ ਮਿਜ਼ਾਈਲ ਡਿਫੈਂਸ ਸਿਸਟਮਜ਼ (Ballistic missile defence systems)
- ✗ C. ਰੀਯੂਜ਼ਏਬਲ ਲਾਂਚ ਵਹੀਕਲ (Reusable launch vehicles)
- ✓ D. ਹਾਈਪਰਸੋਨਿਕ ਕਰੂਜ਼ ਮਿਜ਼ਾਈਲਜ਼ (Hypersonic cruise missiles)

"

Blackbook

Get India's No 1 Vocab Preparation App for FREE : Blackbook : English Vocabulary

GET IT ON Google Play